ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਸੋਮਵਾਰ, 3 ਜਨਵਰੀ 2022
ਮੁੱਖ ਸੰਪਾਦਕ - ਅਮਨ ਮਹਿਰਾ
(ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖ਼ਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 318 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਵਿਦਿਆਰਥੀਆਂ ਨਾਲ ਭਰੀ ਬੱਸ ਮਨਾਲੀ ਤੋਂ ਵਾਪਸੀ ਦੌਰਾਨ ਪਲਟੀ

**ਰੋਪੜ/ਦਰਸ਼ਨ ਸਿੰਘ**

ਮੱਧ ਪ੍ਰਦੇਸ਼ ਦੇ ਅਲੀਰਾਜਪੁਰ ਜ਼ਿਲ੍ਹੇ ਵਿਚ ਅੱਜ ਯਾਨੀ ਕਿ ਐਤਵਾਰ ਸਵੇਰੇ ਇਕ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਦਰਅਸਲ ਯਾਤਰੀਆਂ ਨਾਲ ਭਰੀ ਬੱਸ ਨਦੀ 'ਚ ਡਿੱਗ ਗਈ, ਜਿਸ ਕਾਰਨ ਇਕ ਮਾਸੂਮ ਬੱਚੇ ਸਮੇਤ 3 ਲੋਕਾਂ ਦੀ ਮੌਤ ਹੋ ਗਈ ਅਤੇ 28 ਹੋਰ ਜ਼ਖਮੀ ਹੋ ਗਏ। ਪੁਲਸ ਇੰਸਪੈਕਟਰ ਮਨੋਜ ਕੁਮਾਰ ਸਿੰਘ ਨੇ ਦੱਸਿਆ ਕਿ ਇਹ ਹਾਦਸਾ ਅਲੀਰਾਜਪੁਰ ਜ਼ਿਲ੍ਹਾ ਹੈੱਡਕੁਆਰਟਰ ਤੋਂ ਕਰੀਬ 15 ਕਿਲੋਮੀਟਰ ਦੂਰ ਗੁਜਰਾਤ ਸਰਹੱਦ ਨਾਲ ਲੱਗਦੇ ਚਾਂਦਪੁਰ 'ਚ ਵਾਪਰਿਆ।

ਪੁਲਸ ਮੁਤਾਬਕ ਇਕ ਪ੍ਰਾਈਵੇਟ ਬੱਸ ਗੁਜਰਾਤ ਦੇ ਛੋਟਾ ਉਦੈਪੁਰ ਤੋਂ ਅਲੀਰਾਜਪੁਰ ਆ ਰਹੀ ਸੀ, ਉਸ ਦੌਰਾਨ ਬੱਸ ਮੇਲਖੋਦਰਾ ਨਦੀ 'ਤੇ ਬਣੇ ਪੁਲ ਤੋਂ ਹੇਠਾਂ ਜਾ ਡਿੱਗੀ। ਇਸ ਹਾਦਸੇ ਵਿਚ ਕੈਲਾਸ਼ ਮੈਡਾ (48), ਉਨ੍ਹਾਂ ਦੀ ਪਤੀ ਮੀਰਾਬਾਈ (46) ਅਤੇ 1 ਸਾਲ ਦੇ ਬੱਚੇ ਦੀ ਮੌਤ ਹੋ ਗਈ। ਹਾਦਸੇ ਵਿਚ ਜ਼ਖਮੀ 28 ਲੋਕਾਂ ਨੂੰ ਜ਼ਿਲ੍ਹਾ ਹਸਪਤਾਲ ਅਲੀਰਾਜਪੁਰ 'ਚ ਦਾਖ਼ਲ ਕਰਵਾਇਆ ਗਿਆ ਹੈ। ਚਾਂਦਪੁਰ ਪੁਲਸ ਨੇ ਮਾਮਲਾ ਦਰਜ ਕਰ ਕੇ ਵਿਸਥਾਰਪੂਰਵਕ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਇੰਸਪੈਕਟਰ ਨਾਲ ਮੌਕੇ 'ਤੇ ਪਹੁੰਚੇ ਜ਼ਿਲ੍ਹਾ



ਅਧਿਕਾਰੀ ਮਨੋਜ ਪੁਸ਼ਪ ਨੇ ਦੱਸਿਆ ਕਿ ਜ਼ਖਮੀਆਂ ਦੇ ਇਲਾਜ ਦੇ ਆਦੇਸ਼ ਡਾਕਟਰਾਂ ਨੂੰ ਦਿੱਤੇ ਗਏ ਹਨ। ਦੱਸ ਦੇਈਏ ਕਿ ਨਵੇਂ ਸਾਲ ਦੀ ਸ਼ੁਰੂਆਤ ਜੰਮੂ-ਕਸ਼ਮੀਰ ਸਥਿਤ ਕਟੜਾ ਵਿਚ ਮਾਤਾ ਵੈਸ਼ਨੋ ਦੇਵੀ ਭਵਨ 'ਚ ਭਾਜੜ ਨਾਲ ਹੋਈ, ਜਿਸ 'ਚ 12 ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਸਾਲ ਦੇ ਪਹਿਲੇ ਦਿਨ ਹੀ ਸ਼ਨੀਵਾਰ ਨੂੰ ਹਰਿਆਣਾ 'ਚ ਪਹਾੜ ਖਿਸਕਣ ਦੀ ਦਰਦਨਾਕ ਘਟਨਾ ਵਾਪਰੀ, ਜਿਸ 'ਚ 4 ਲੋਕਾਂ ਦੀ ਮੌਤ ਹੋ ਗਈ। ਅੱਜ 2 ਜਨਵਰੀ ਨੂੰ ਮੱਧ ਪ੍ਰਦੇਸ਼ 'ਚ ਬੱਸ ਨਦੀ 'ਚ ਡਿੱਗ ਗਈ।

## ਫ਼ੌਜ ਦੇ ਹੈਲੀਕਾਪਟਰ ਦੀ ਖੇਤਾਂ 'ਚ ਐਮਰਜੈਂਸੀ ਲੈਂਡਿੰਗ, ਬਠਿੰਡਾ ਤੋਂ ਦਿੱਲੀ ਲਈ ਭਰੀ ਸੀ ਉਡਾਣ

**ਜੀਂਦ/ਲੋਕ ਬਾਣੀ**



ਫ਼ੌਜ ਦਾ ਇਕ ਹੈਲੀਕਾਪਟਰ ਐਤਵਾਰ ਨੂੰ ਐਮਰਜੈਂਸੀ ਸਥਿਤੀ 'ਚ ਹਰਿਆਣਾ ਦੇ ਜੀਂਦ ਜ਼ਿਲ੍ਹੇ ਵਿਚ ਖੇਤਾਂ 'ਚ ਸੁਰੱਖਿਅਤ ਉਤਾਰ ਲਿਆ ਗਿਆ। ਹੈਲੀਕਾਪਟਰ ਵਿਚ ਸਵਾਰ ਫ਼ੌਜ ਦੇ 4 ਜਵਾਨ ਸੁਰੱਖਿਅਤ ਹਨ। ਪੁਲਸ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮੌਕੇ 'ਤੇ ਪੁਲਸ ਪਹੁੰਚ ਗਈ ਹੈ ਅਤੇ ਫ਼ੌਜ ਦੇ ਤਕਨੀਕੀ ਯੂਨਿਟ ਨੂੰ ਮੌਕੇ 'ਤੇ ਬੁਲਾਇਆ ਗਿਆ ਹੈ। ਪੁਲਸ ਅਫ਼ਸਰ ਕੁਲਦੀਪ ਸਿੰਘ ਨੇ ਦੱਸਿਆ ਕਿ ਫ਼ੌਜ ਦੇ ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਖੇਤਾਂ 'ਚ ਹੋਈ। ਉਸ 'ਚ ਸਵਾਰ ਜਵਾਨ ਅਤੇ ਹੈਲੀਕਾਪਟਰ ਸੁਰੱਖਿਅਤ ਹੈ। ਕਿਸੇ ਪ੍ਰਕਾਰ ਦੇ ਨੁਕਸਾਨ ਦੀ ਸੂਚਨਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਫ਼ੌਜ ਦਾ ਏ. ਆਈ-1123 ਹੈਲੀਕਾਪਟਰ ਪੰਜਾਬ ਦੇ ਬਠਿੰਡਾ ਤੋਂ ਦਿੱਲੀ ਜਾ ਰਿਹਾ ਸੀ ਅਤੇ ਇਸ ਦੌਰਾਨ ਇਸ 'ਚ ਕੁਝ ਤਕਨੀਕੀ ਖਾਮੀ ਆ ਗਈ, ਜਿਸ ਦੇ ਚੱਲਦੇ ਹੈਲੀਕਾਪਟਰ ਦੇ ਪਾਇਲਟ ਨੇ ਉਸ ਨੂੰ ਪਿੰਡ ਜਾਜਨਵਾਲਾ ਵਾਸੀ ਜਬਰ ਸਿੰਘ ਦੇ ਖੇਤਾਂ ਵਿਚ ਸੁਰੱਖਿਅਤ ਲੈਂਡ ਕੀਤਾ। ਪੁਲਸ ਅਫ਼ਸਰ ਮੁਤਾਬਕ ਖ਼ੁਸ਼ਕਿਸਮਤੀ ਨਾਲ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਾ ਤਾਂ ਹੈਲੀਕਾਪਟਰ ਨੂੰ ਹੋਇਆ ਅਤੇ ਨਾ ਹੀ ਉਸ 'ਚ ਸਵਾਰ ਕਿਸੇ ਜਵਾਨ ਨੂੰ। ਸਾਰੇ ਸੁਰੱਖਿਅਤ ਹਨ। ਇਸ ਦਰਮਿਆਨ ਪਿੰਡ ਦੇ ਖੇਤਾਂ 'ਚ ਹੈਲੀਕਾਪਟਰ ਦੇ ਉਤਰਨ ਦੀ ਸੂਚਨਾ 'ਤੇ ਵੱਡੀ ਗਿਣਤੀ ਵਿਚ ਪਿੰਡ ਵਾਸੀ, ਖ਼ਾਸ ਕਰ ਕੇ ਨੌਜਵਾਨਾਂ ਦਾ ਖੇਤਾਂ ਵੱਲ ਹਜੂਮ ਉਮੜ ਪਿਆ। ਪੁਲਸ ਨੇ ਦੱਸਿਆ ਕਿ ਨੌਜਵਾਨਾਂ ਵਿਚ ਹੈਲੀਕਾਪਟਰ ਨਾਲ ਸੈਲਫੀ ਲੈਣ ਦੀ ਵੀ ਹੋੜ ਲੱਗੀ ਗਈ।

## ਹਾਂਗਕਾਂਗ ਦੇ ਇਕ ਹੋਰ ਸਮਾਚਾਰ ਸੰਗਠਨ ਨੇ ਕੰਮਕਾਜ ਬੰਦ ਕਰਨ ਦਾ ਕੀਤਾ ਫੈਸਲਾ

**ਹਾਂਗਕਾਂਗ/ਲੋਕ ਬਾਣੀ**

ਹਾਂਗਕਾਂਗ ਦੀ ਇਕ ਆਨਲਾਈਨ ਸਮਾਚਾਰ ਸਾਈਟ ਨੇ ਐਤਵਾਰ ਨੂੰ ਕਿਹਾ ਕਿ ਉਹ ਪ੍ਰੈੱਸ ਦੀ ਆਜਾਦੀ ਦੀ ਵਿਗੜਦੀ ਸਥਿਤੀ ਦੇ ਕਾਰਨ ਆਪਣਾ ਸੰਚਾਲਨ ਬੰਦ ਕਰੇਗੀ। ਉਸ ਨੇ ਇਹ ਫੈਸਲਾ ਉਸ ਵੇਲੇ ਕੀਤਾ ਹੈ ਜਦ ਕੁਝ ਦਿਨ ਪਹਿਲਾਂ ਪੁਲਸ ਨੇ ਇਕ ਵੱਖ ਲੋਕਤੰਤਰ ਸਮਰਥਨ ਸਮਾਚਾਰ ਸੰਗਠਨ 'ਤੇ ਛਾਪਾ ਮਾਰਿਆ ਅਤੇ ਦੇਸ਼ ਧ੍ਰੋਹ ਦੇ ਦੋਸ਼ 'ਚ ਸੱਤ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। 'ਸਿਟੀਜਨ ਨਿਊਜ' ਨੇ ਐਤਵਾਰ ਨੂੰ ਫੇਸਬੁੱਕ ਪੋਸਟ 'ਚ ਆਪਣੇ ਫੈਸਲੇ ਦਾ ਐਲਾਨ ਕੀਤਾ।




ਉਸ ਨੇ ਕਿਹਾ ਕਿ ਉਹ ਚਾਰ ਜਨਵਰੀ ਨੂੰ ਆਪਣੀ ਸਾਈਟ 'ਤੇ ਖਬਰਾਂ ਦੇਣ ਬੰਦ ਕਰ ਦੇਵੇਗੀ ਅਤੇ ਉਸ ਤੋਂ ਬਾਅਦ ਸੰਗਠਨ ਨੂੰ ਬੰਦ ਕਰ ਦਿੱਤਾ ਜਾਵੇਗਾ। ਉਸ ਨੇ ਇਕ ਬਿਆਨ 'ਚ ਕਿਹਾ ਕਿ ਅਸੀਂ ਹਮੇਸ਼ਾ ਇਸ ਧਰਤੀ ਨਾਲ ਪਿਆਰ ਕੀਤਾ ਹੈ ਪਰ ਮੌਜੂਦਾ ਸਮੇਂ 'ਚ ਅਸੀਂ ਬੇਬਸ ਹਾਂ ਕਿਉਂਕਿ ਅਸੀਂ ਨਾ ਸਿਰਫ ਬਾਰਿਸ਼ ਦਾ ਸਾਹਮਣਾ ਕੀਤਾ ਹੈ ਸਗੋਂ ਤੂਫਾਨਾਂ ਅਤੇ ਉੱਚੀਆਂ ਲਹਿਰਾਂ ਦਾ ਸਾਹਮਣਾ ਕਰ ਰਹੇ ਹਾਂ। ਅਸੀਂ ਕਦੇ ਆਪਣੇ ਮੂਲ ਇਰਾਦੇ ਨਹੀਂ ਭੁੱਲੇ ਪਰ ਇਹ ਬਹੁਤ ਅਫਸੋਸ ਦੀ ਗੱਲ ਹੈ ਕਿ ਪਿਛਲੇ ਦੋ ਸਾਲਾਂ 'ਚ ਸਮਾਜ 'ਚ ਤੇਜੀ ਨਾਲ ਹੋਏ ਬਦਲਾਵਾਂ ਅਤੇ ਮੀਡੀਆ ਦਾ ਮਾਹੌਲ ਵਿਗੜਨ ਨਾਲ ਅਸੀਂ ਬਿਨਾਂ ਪ੍ਰੇਸ਼ਾਨੀ ਦੇ ਆਪਣੇ ਹੁਕਮਾਂ ਨੂੰ ਹਾਸਲ ਕਰਨ 'ਚ ਨਾਕਾਮ ਰਹੇ ਹਾਂ।

ਨਿਊਜ ਤੀਸਰਾ ਸਮਾਚਾਰ ਸੰਗਠਨ ਹੈ ਜੋ ਹਾਲ ਦੇ ਮਹੀਨਿਆਂ 'ਚ ਬੰਦ ਹੋਇਆ ਹੈ। ਇਸ ਤੋਂ ਪਹਿਲਾਂ ਲੋਕਤੰਤਰ ਸਮਰਥਕ ਸਮਾਚਾਰ 'ਐਪਲ ਡੇਲੀ' ਅਤੇ ਆਨਲਾਈਨ ਸਮਾਚਾਰ ਸਾਈਟ 'ਸਟੈਂਡ ਨਿਊਜ' ਵੀ ਬੰਦ ਹੋਏ। ਅਧਿਕਾਰੀਆਂ ਨੇ ਇਸ ਅਰਧ-ਖੁਦਮੁਖਤਿਆਰ ਸ਼ਹਿਰ 'ਚ ਅਸੰਤੋਸ਼ ਨੂੰ ਦਬਾਉਣ ਦੀ ਕਾਰਵਾਈ ਤੇਜ ਕਰ ਦਿੱਤੀ ਹੈ। ਚੀਨ ਨੇ 2019 'ਚ ਇਥੇ ਹੋਏ ਲੋਕਤੰਤਰ ਸਮਰਥਕ ਪ੍ਰਦਰਸ਼ਨਾਂ ਤੋਂ ਬਾਅਦ ਸਖਤ ਸੁਰੱਖਿਆ ਕਾਨੂੰਨ ਲਾਗੂ ਕੀਤਾ ਹੈ।

## ਅਮਰੀਕਾ ਤੋਂ ਬਿਨਾਂ ਟੀਕਾਕਰਨ ਆਉਣ ਵਾਲੇ ਲੋਕਾਂ ਨੂੰ ਰਹਿਣਾ ਹੋਵੇਗਾ ਇਕਾਂਤਵਾਸ 'ਚ : ਫਰਾਂਸ

**ਪੈਰਿਸ/ਲੋਕ ਬਾਣੀ**

ਅਮਰੀਕਾ ਤੋਂ ਬਿਨਾਂ ਕੋਵਿਡ ਰੋਕੂ ਟੀਕਾ ਲਵਾਏ ਫਰਾਂਸ ਆਉਣ ਵਾਲੇ ਯਾਤਰੀਆਂ ਨੂੰ 10 ਦਿਨਾਂ ਤੱਕ ਸਥਾਨਕ ਅਧਿਕਾਰੀਆਂ ਦੀ ਨਿਗਰਾਨੀ 'ਚ ਸੈਵ-ਇਕਾਂਤਵਾਸ 'ਚ ਰਹਿਣਾ ਹੋਵੇਗਾ। ਸਰਕਾਰ ਵੱਲੋਂ ਐਲਾਨੀ ਇਹ ਪਾਬੰਦੀ ਐਤਵਾਰ ਤੋਂ ਲਾਗੂ ਹੋਈ। ਫ੍ਰਾਂਸੀਸੀ ਸਰਕਾਰ ਵੱਲੋਂ ਐਲਾਨ ਕੀਤੇ ਗਏ ਨਿਯਮਾਂ ਤਹਿਤ ਅਮਰੀਕਾ ਤੋਂ ਆਉਣ ਵਾਲੇ ਯਾਤਰੀਆਂ ਨੂੰ ਫਰਾਂਸ ਲਈ ਜਹਾਜ 'ਚ ਸਵਾਰ ਹੋਣ ਤੋਂ ਪਹਿਲਾਂ ਟੀਕਾਕਰਨ ਸਰਟੀਫਿਕੇਟ ਤੋਂ ਇਲਾਵਾ ਕੋਵਿਡ ਜਾਂਚ ਆਰਟੀ-ਪੀਸੀਆਰ ਜਾਂ ਐਂਟੀਜਨ ਜਾਂਚ ਦੀ ਨੈਗੇਟਿਵ ਰਿਪੋਰਟ ਦਿਖਾਉਣੀ ਹੋਵੇਗੀ ਅਤੇ ਇਹ 48 ਘੰਟਿਆਂ ਤੋਂ ਪੁਰਾਣੀ ਨਹੀਂ ਹੋਣੀ ਚਾਹੀਦੀ ਹੈ। ਜਕਿਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਤੋਂ ਬਿਨਾਂ ਟੀਕਾਕਰਨ ਆਏ ਯਾਤਰੀਆਂ ਨੂੰ ਸਿਰਫ ਸੱਤ ਦਿਨ ਬਿਨਾਂ ਅਧਿਕਾਰੀਆਂ ਦੀ ਨਿਗਰਾਨੀ ਸਵੈ-ਇਕਾਂਤਵਾਸ 'ਚ ਰਹਿਣ ਦੀ ਲੋੜ ਸੀ। ਫਰਾਂਸ 'ਚ ਲਗਾਤਾਰ ਚੌਥੇ ਦਿਨ ਦੋ ਲੱਖ ਤੋਂ ਜਿਆਦਾ ਕੋਵਿਡ-19 ਦੇ ਮਾਮਲੇ ਸਾਹਮਣੇ ਆਏ ਹਨ ਅਤੇ ਓਮੀਕ੍ਰੋਨ ਵੇਰੀਐਂਟ ਨਾਲ ਇਨਫੈਕਸ਼ਨ ਤੇਜੀ ਨਾਲ ਵਧੀ ਹੈ। ਫ੍ਰਾਂਸੀਸੀ ਅਧਿਕਾਰੀ ਵੀ ਟੀਕਾਕਰਨ ਨਾ ਕਰਵਾਉਣ ਵਾਲਿਆਂ 'ਤੇ ਦਬਾਅ ਵਧਾ ਰਹੇ ਹਨ। ਸਰਕਾਰ ਸੰਸਦ 'ਤੇ ਅਗਲੇ ਦੋ ਹਫਤਿਆਂ 'ਚ ਕਾਨੂੰਨ ਪਾਸ ਕਰਨ ਦਾ ਦਬਾਅ ਬਣਾ ਰਹੀ ਹੈ ਜਿਸ 'ਚ ਸਿਰਫ ਟੀਕਾਕਰਨ ਕਰਾਵਉਣ ਵਾਲਿਆਂ ਨੂੰ ਹੀ ਰੈਸਟੋਰੈਂਟ, ਸਿਨੇਮਾਘਰ, ਅਜਾਇਬ ਘਰਾਂ ਅਤੇ ਖੇਡ ਦੇ ਮੈਦਾਨਾਂ 'ਚ ਜਾਣ ਦੀ ਇਜਾਜਤ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ। ਫਰਾਂਸ 'ਚ ਮੌਜੂਦਾ ਸਮੇਂ 'ਚ 'ਹੈਲਥ ਪਾਸ' ਵਿਵਸਥਾ ਲਾਗੂ ਹੈ ਜਿਸ 'ਚ ਕੋਵਿਡ-19 ਨੈਗੇਟਿਵ ਹੋਣ ਜਾਂ ਇਨਫੈਕਸ਼ਨ ਤੋਂ ਉਭਰਨ ਦਾ ਸਬੂਤ ਦੇਣ 'ਤੇ ਲੋਕਾਂ ਨੂੰ ਕਈ ਸਥਾਨਾਂ 'ਤੇ ਐਂਟਰੀ ਦਿੱਤੀ ਜਾ ਰਹੀ ਹੈ। ਜੇਕਰ ਸੰਸਦ ਕਾਨੂੰਨ ਪਾਸ ਕਰ ਦਿੰਦੀ ਹੈ ਤਾਂ ਲੋਕਾਂ ਨੂੰ ਰੇਲ ਗੱਡੀਆਂ, ਬੱਸਾਂ ਅਤੇ ਘਰੇਲੂ ਉਡਾਣਾਂ 'ਚ ਸਵਾਰ ਹੋਣ ਲਈ 'ਟੀਕਕਾਰਨ ਪਾਸ' ਦਿਖਾਉਣ ਦੀ ਲੋੜ ਹੋਵੇਗੀ।



## ਕੋਰੋਨਾ ਕਾਰਨ ਬੰਗਾਲ ਵਿੱਚ ਸਕੂਲ ਕਾਲਜ ਬੰਦ

**ਕੋਲਕਾਤਾ/ਲੋਕ ਬਾਣੀ**

ਪੱਛਮੀ ਬੰਗਾਲ ਸਰਕਾਰ ਨੇ ਕਰੋਨਾਵਾਇਰਸ ਦੇ ਮਾਮਲੇ ਵਧਣ ਮਗਰੋਂ ਸੋਮਵਾਰ ਤੋਂ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਬੰਦ ਰੱਖਣ ਅਤੇ ਦਫਤਰਾਂ ਵਿੱਚ ਮੁਲਾਜਮਾਂ ਦੀ ਗਿਣਤੀ 50 ਫੀਸਦੀ ਤੱਕ ਸੀਮਤ ਕਰਨ ਦੇ ਆਦੇਸ਼ ਨਾਲ ਕੋਵਿਡ ਸਬੰਧੀ ਪਾਬੰਦੀਆਂ ਨੂੰ ਮੁੜ ਲਾਗੂ ਕਰ ਦਿੱਤਾ ਹੈ। ਮੁੱਖ ਸਕੱਤਰ ਐੱਚ.ਕੇ. ਦਿਵੇਦੀ ਨੇ ਐਲਾਨ ਕੀਤਾ ਕਿ ਸੂਬਿਆਂ ਵਿੱਚ 15 ਜਨਵਰੀ ਤੱਕ ਰਾਤ ਦਸ ਵਜੇ ਤੋਂ ਸਵੇਰੇ ਪੰਜ ਤੱਕ ਸਿਰਫ ਜਰੂਰੀ ਵਸਤਾਂ ਦੀ ਇਜਾਜਤ ਹੋਵੇਗੀ। ਦਿਵੇਦੀ ਨੇ ਕਿਹਾ ਕਿ ਬੋਰਡ ਪ੍ਰੀਖਿਆ ਬਾਰੇ ਫੈਸਲਾ ਬੋਰਡ ਵੱਲੋਂ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੰਬਈ ਅਤੇ ਨਵੀਂ ਦਿੱਲੀ ਤੋਂ ਉਡਾਣਾਂ ਹਫਤੇ ਵਿੱਚ ਸਿਰਫ ਦੋ ਵਾਰ (ਸੋਮਵਾਰ ਅਤੇ ਸ਼ੁੱਕਰਵਾਰ) ਚੱਲਣਗੀਆਂ ਅਤੇ ਬਰਤਾਨੀਆ ਤੋਂ ਕਿਸੇ ਵੀ ਉਡਾਣ ਦੀ ਇਜਾਜਤ ਨਹੀਂ ਹੋਵੇਗੀ।




## ਸੰਗਰੂਰ 'ਚ ਵਾਪਰਿਆ ਭਿਆਨਕ ਸੜਕ ਹਾਦਸਾ, ਦੋ ਨੌਜਵਾਨਾਂ ਦੀ ਮੌਤ

**ਸੰਗਰੂਰ/ਲੋਕ ਬਾਣੀ**

ਸੰਗਰੂਰ ਤੋਂ ਪਟਿਆਲਾ ਰੋਡ 'ਤੇ ਖੁਰਾਣਾ ਨੇੜੇ ਪੈਂਦੇ ਫਲਾਈਓਵਰ ਹੇਠਾਂ ਮੋਟਰਸਾਈਕਲ ਸਵਾਰਾਂ ਨਾਲ ਵਾਪਰੇ ਭਿਆਨਕ ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਥਾਣਾ ਸਦਰ ਸੰਗਰੂਰ ਦੇ ਏ. ਐੱਸ. ਆਈ. ਕਮਲਜੀਤ ਸਿੰਘ ਅਤੇ ਹੌਲਦਾਰ ਅਮਨਦੀਪ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਆਈ. ਐੱਲ. ਫੈਕਟਰੀ ਘਾਬਦਾਂ ਵਿਖੇ ਕੰਮ ਕਰਦੇ ਸਨ ਅਤੇ ਇਹ ਅੱਜ ਸ਼ਾਮ ਨੂੰ ਸੰਗਰੂਰ ਤੋਂ ਵਾਪਸ ਭਵਾਨੀਗੜ੍ਹ ਵੱਲ ਜਾ ਰਹੇ ਸਨ। ਇਹ ਨੌਜਵਾਨ ਜਦੋਂ ਫਲਾਈਓਵਰ ਨਜ਼ਦੀਕ ਪਹੁੰਚ ਕੇ ਇਨ੍ਹਾਂ ਦਾ ਮੋਟਰਸਾਈਕਲ ਹਾਦਸੇ ਦਾ ਸ਼ਿਕਾਰ ਹੋ ਗਿਆ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਸੰਖੇਪ ਖਬਰਾਂ

### ਮਨਰੇਗਾ ਕਾਮਿਆਂ ਦੀ ਜੁਟਾਈ ਭੀੜ ਨਾਲ ਕੀਤੀ ਰੈਲੀ ਫਗਵਾੜਾ ਵਾਸੀਆਂ ਨਾਲ ਧੋਖਾ : ਜਸਵੀਰ ਗੜ੍ਹੀ

**ਫਗਵਾੜਾ/ਲੋਕ ਬਾਣੀ**

ਫਗਵਾੜਾ ਦੇ ਮੌਜੂਦਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵੱਲੋਂ ਫਗਵਾੜਾ ਵਿਖੇ ਭਰੋਸੇ ਦਾ ਪ੍ਰਤੀਕ ਰੈਲੀ ਦਾ ਆਯੋਜਨ ਕੀਤਾ ਗਿਆ। ਪੰਜਾਬ ਦੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਪੁੱਜੇ, ਇਹ ਰੈਲੀ ਭਰੋਸੇ ਦਾ ਨਹੀਂ ਸਗੋਂ ਧੋਖੇ ਦਾ ਪ੍ਰਤੀਕ ਜਾਪ ਰਹੀ ਸੀ ਜਿਸ ਵਿਚ ਮਨਰੇਗਾ ਕਾਮਿਆਂ ਨੂੰ ਇਕੱਠੇ ਕਰਕੇ ਭੀੜ ਇਕੱਠੀ ਦਿਖਾਈ ਗਈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਬਸਪਾ ਅਕਾਲੀ ਗੱਠਜੋੜ ਦੇ ਉਮੀਦਵਾਰ ਤੇ ਬਸਪਾ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਇਹ ਰੈਲੀ ਧੋਖੇ ਦਾ ਪ੍ਰਤੀਕ ਰੈਲੀ ਸੀ ਜਿਸ ਵਿੱਚ ਪਿੰਡਾਂ ਤੋਂ ਮਨਰੇਗਾ ਕਾਮਿਆਂ ਨੂੰ ਇਕੱਠੇ ਕਰਕੇ ਬੁਲਾਇਆ ਗਿਆ ਜਦਕਿ ਮਗਨਰੇਗਾ ਕਾਮਿਆਂ ਦੀ ਹਾਜਰੀ ਵੀ ਲਗਵਾਈ ਗਈ ਤੇ ਭਿਰਿਸਟਾਚਰ ਦਾ ਖੁੱਲਾ ਮੁਜਾਹਰਾ ਹੋਇਆ। ਗੜ੍ਹੀ ਨੇ ਕਿਹਾ ਕਿ ਕਾਂਗਰਸ ਪਾਰਟੀ ਇਕ ਫੁੱਸ ਹੋਇਆ ਗੁਬਾਰਾ ਹੈ ਜਿਸ ਵਿੱਚ ਧੋਖੇ ਦੇ ਪੰਪ ਨਾਲ ਹਵਾ ਭਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਵਿਚ ਫਗਵਾੜਾ ਦੇ ਮੌਜੂਦਾ ਵਿਧਾਇਕ ਦੀ ਪੋਲ ਖੁੱਲ੍ਹਦੀ ਹੋਈ ਨਜ਼ਰ ਆ ਰਹੀ ਹੈ । ਉਨ੍ਹਾਂ ਨੇ ਭੀੜ ਇਕੱਠੀ ਕਰਨ ਲਈ ਮਨਰੇਗਾ ਕਾਮਿਆਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਦਿਹਾੜੀ ਦਾ ਮਿਹਨਤਾਨਾ ਵੀ ਅਦਾ ਕੀਤਾ ਗਿਆ। ਸ. ਜਸਵੀਰ ਗੜ੍ਹੀ ਨੇ ਕਿਹਾ ਕਿ ਨਵਾ ਨਰੋਆ ਪੰਜਾਬ ਬਣਾਉਣ ਵਾਲੇ ਨਵਜੋਤ ਸਿੰਘ ਸਿੱਧੂ ਨੇ ਪਤਾ ਨਹੀ ਕਦੋ ਪੰਜਾਬ ਦੇ ਲੋਕਾਂ ਨੂੰ ਮੰਝਧਾਰ ਵਿਚ ਛੱਡਕੇ ਅਸਤੀਫਾ ਦੇ ਦੇਣਾ ਹੈ। ਉਹ ਕਾਮੇਡੀ ਸੀਰੀਅਲਾਂ ਵਿਚ ਹੀ ਵਧੀਆ ਭੂਮਿਕਾ ਅਦਾ ਕਰਦੇ ਹਨ। ਹਮੇਸਾ ਗਲਤ ਸ਼ਬਦਾਵਲੀ ਬੋਲਣ ਵਾਲੇ ਨਵਜੋਤ ਸਿੰਘ ਸਿੱਧੂ ਪਹਿਲਾਂ ਤਾਂ ਕਾਂਗਰਸ ਪਾਰਟੀ ਨੂੰ ਮੁੰਨੀ ਤੋਂ ਵੀ ਬਦਨਾਮ ਪਾਰਟੀ ਦਸਦੇ ਸਨ। ਗੜ੍ਹੀ ਨੇ ਕਿਹਾ ਕਿ ਨਵਜੋਤ ਸਿਧੂ ਦੀ ਗਲ ਤੇ ਉਨ੍ਹਾਂ ਦੀ ਪਾਰਟੀ ਸੰਜੀਦਗੀ ਨਾਲ ਨਹੀ ਲੈਂਦੀ ਫਿਰ ਫਗਵਾੜਾ ਦੇ ਲੋਕ ਇਸ ਮਿਕੀ ਮਾਊਸ ਨੂੰ ਕੀ ਸੰਜਦਗੀ ਨਾਲ ਲੈਣਗੇ। ਨਵਜੋਤ ਸਿੱਧੂ ਨੇ ਪਿਛਲੇ ਦੋ ਸਾਲ ਪਹਿਲਾਂ ਫਗਵਾੜਾ ਨੂੰ 25 ਕਰੋੜ ਦੇਣ ਦਾ ਵਾਅਦਾ ਕੀਤਾ ਸੀ, ਅੱਜ ਤੱਕ ਪੂਰਾ ਨਹੀਂ ਕੀਤਾ। ਉਨ੍ਹਾ ਨੇ ਕਾਂਗਰਸ ਦੀ ਰੈਲੀ ਨੂੰ ਫਲਾਪ ਰੈਲੀ ਦਸਿਆ।

### ਨਾਰਕੋਟਿਕਸ ਸੈੱਲ ਨੂਰਪੁਰ ਦੀ ਟੀਮ ਨੇ 1 ਕਿਲੋ 58 ਗ੍ਰਾਮ ਚਰਸ ਕੀਤੀਬਰਾਮਦ

**ਡਮਟਾਲ/ਲੋਕ ਬਾਣੀ**

ਨਾਰਕੋਟਿਕ ਸੈੱਲ ਨੂਰਪੁਰ ਦੀ ਟੀਮ ਨੇ ਥਾਣਾ ਇੰਦੌਰਾ ਅਧੀਨ ਪੈਂਦੇ ਪਿੰਡ ਬਡੂੰਖਰ ਨੇੜੇ ਗਸਤ ਦੌਰਾਨ ਇਕ ਬਾਈਕ ਸਵਾਰ ਨੌਜਵਾਨ ਕੋਲੋਂ ਚਰਸ ਦੀ ਖੇਪ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ । ਮੁਲਜਮ ਖਲਿਾਫ ਥਾਣਾ ਇੰਦੌਰਾ ਵਿਚ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਪਿੰਡ ਬਡੂੰਖਰ ਨੇੜੇ ਇਕ ਬਾਈਕ ਸਵਾਰ ਨੌਜਵਾਨ ਨੂੰ ਜਾਂਚ ਲਈ ਰੁਕਣ ਦਾ ਇਸਾਰਾ ਕੀਤਾ ਗਿਆ, ਪਰ ਨੌਜਵਾਨ ਨੇ ਘਬਰਾ ਕੇ ਮੌਕੇ ਤੋਂ ਭੱਜਣ ਦੀ ਕੋਸਸਿ ਕੀਤੀ, ਜਿਸ 'ਤੇ ਟੀਮ ਨੇ ਉਸ ਨੂੰ ਮੌਕੇ 'ਤੇ ਹੀ ਦਬੋਚ ਲਿਆ । ਸੱਕ ਦੇ ਆਧਾਰ 'ਤੇ ਨੌਜਵਾਨ ਦੀ ਤਲਾਸੀ ਲਈ ਗਈ ਤਾਂ ਉਸ ਦੇ ਕਬਜੇ 'ਚੋਂ 1 ਕਿਲੋ 58 ਗ੍ਰਾਮ ਚਰਸ ਬਰਾਮਦ ਹੋਈ।

### ਖੂਨ ਨਾਲ ਲਿਖੀ ਚਿੱਠੀ ਨੂੰ ਹੱਥਾਂ 'ਚ ਫੜ ਕੇ ਕਰਮਚਾਰੀਆਂ ਦੇ ਬੱਚਿਆਂ ਨੇ ਮੁੱਖ ਮੰਤਰੀ ਪੰਜਾਬ ਨੂੰ ਲਾਈ ਗੁਹਾਰ

**ਮਲੋਟ/ਲੋਕ ਬਾਣੀ**

ਮਿਮਿਟ ਕਾਲਜ ਮਲੋਟ ਦੇ ਕਰਮਚਾਰੀਆਂ ਨੂੰ ਤਨਖ਼ਾਹਾਂ ਜਾਰੀ ਕਰਵਾਉਣ ਲਈ ਧਰਨੇ 'ਤੇ ਬੈਠਿਆਂ 100 ਦਿਨ ਤੋਂ ਵੀ ਵੱਧ ਦਾ ਸਮਾਂ ਬੀਤ ਚੁੱਕਾ ਹੈ ਪਰ ਤਨਖ਼ਾਹਾਂ ਦੇ ਮਸਲੇ ਦਾ ਕੋਈ ਹੱਲ ਨਿਕਲਦਾ ਨਜ਼ਰ ਨਹੀਂ ਆ ਰਿਹਾ। ਅੱਜ ਰੋਸ ਵਿਖਾਵੇ ਦੌਰਾਨ ਕਰਮਚਾਰੀਆਂ ਦੇ ਬੱਚਿਆਂ ਨੇ ਸ਼ਮੂਲੀਅਤ ਕਰਕੇ ਆਪਣੇ ਮਾਪਿਆਂ (ਮੁਲਾਜ਼ਮਾਂ) ਦੇ ਖ਼ੂਨ ਨਾਲ ਚਿੱਠੀ ਲਿਖ ਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਤਨਖ਼ਾਹਾਂ ਜਾਰੀ ਕਰਨ ਦੀ ਗੁਹਾਰ ਲਗਾਈ ਹੈ। ਇਸ ਢੰਗ ਨਾਲ ਕੀਤੀ ਗਈ ਮੰਗ ਨਾਲ ਰੋਸ ਪ੍ਰਦਰਸ਼ਨ ਦੀ 'ਇੰਤਹਾ' ਹੋ ਗਈ ਹੈ।

### ਮੀਟਿੰਗ ਕਰਨ ਪੁੱਜੇ ਗਜੇਂਦਰ ਸ਼ੇਖਾਵਤ ਦਾ ਈ.ਟੀ.ਟੀ. ਯੂਨੀਅਨ ਵਲੋਂ ਕੀਤਾ ਗਿਆ ਵਿਰੋਧ

**ਫ਼ਾਜ਼ਿਲਕਾ/ਲੋਕ ਬਾਣੀ**

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਤਰੀਖ਼ ਦੀ ਰੈਲੀ ਨੂੰ ਲੈ ਕੇ ਵਰਕਰ ਮੀਟਿੰਗ ਕਰਨ ਲਈ ਫ਼ਾਜ਼ਿਲਕਾ ਪੁੱਜੇ ਭਾਜਪਾ ਦੇ ਕੇਂਦਰੀ ਕੈਬਿਨੇਟ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦਾ ਈ.ਟੀ.ਟੀ. ਯੂਨੀਅਨ ਵਲੋਂ ਵਿਰੋਧ ਕੀਤਾ ਗਿਆ। ਵਰਕਰ ਮੀਟਿੰਗ ਖ਼ਤਮ ਹੋਣ ਤੋਂ ਬਾਅਦ ਜਦੋਂ ਕੇਂਦਰੀ ਕੈਬਿਨੇਟ ਮੰਤਰੀ ਵਾਪਸ ਜਾਣ ਲਗੇ ਤਾਂ ਈ.ਟੀ.ਟੀ. ਯੂਨੀਅਨ ਦੇ ਆਗੂ ਕੇਂਦਰੀ ਕੈਬਿਨਟ ਮੰਤਰੀ ਦੀ ਗੱਡੀ ਅੱਗੇ ਲੇਟ ਗਏ ਅਤੇ ਬੀ.ਜੇ.ਪੀ. ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿਤੀ ਗਈ। ਇਸ ਦੌਰਾਨ ਪੁਲਿਸ ਅਤੇ ਈ.ਟੀ ਟੀ ਯੂਨੀਅਨ ਆਗੂਆਂ ਵਿਚ ਧੱਕਾ ਮੁੱਕੀ ਵੀ ਹੋਈ। ਜਿਸ ਤੋਂ ਬਾਅਦ ਪੁਲਿਸ ਨੇ ਕੇਂਦਰੀ ਕੈਬਿਨੇਟ ਮੰਤਰੀ ਨੂੰ ਸੁਰੱਖਿਅਤ ਜਾਣ ਦਿੱਤਾ। ਈ.ਟੀ.ਟੀ. ਯੂਨੀਅਨ ਦੀ ਮੰਗ ਸੀ ਕਿ ਕੇਂਦਰ ਸਰਕਾਰ ਐੱਨ.ਸੀ.ਟੀ. ਕਾਨੂੰਨ ਨੂੰ ਰੱਦ ਕਰੇ। ਜਿਸ ਨੂੰ ਲੈ ਕੇ ਈ.ਟੀ.ਟੀ. ਯੂਨੀਅਨ ਕੇਂਦਰ ਦੇ ਸਿੱਖਿਆ ਮੰਤਰੀ ਨਾਲ ਮੀਟਿੰਗ ਮੰਗ ਰਹੇ ਹਨ।

### ਬੀ.ਕੇ.ਯੂ.ਏਕਤਾ ਉਗਰਾਹਾਂ ਨਾਲ ਮੁੱਖ ਮੰਤਰੀ ਦੀ ਅੱਜ ਦੀ ਮੀਟਿੰਗ ਤੀਸਰੀ ਵਾਰ ਟਾਲੀ ਗਈ, ਹੁਣ ਮੀਟਿੰਗ 7 ਨੂੰ

**ਖੰਨਾ/ਲੋਕ ਬਾਣੀ**

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਕੀਤੇ ਜਾਣ ਵਾਲੀ ਮੀਟਿੰਗ ਤੀਸਰੀ ਵਾਰ ਫਿਰ ਟਾਲ ਦਿੱਤੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਤੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਨਾਲ ਹੋਣ ਵਾਲੀ ਮੀਟਿੰਗ 3 ਜਨਵਰੀ ਨੂੰ ਹੋਣੀ ਸੀ ਪਰ ਖੇਤੀਬਾੜੀ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਬੀ.ਕੇ.ਯੂ. ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੂੰ ਫੋਨ ਤੇ ਦੱਸਿਆ ਹੈ ਕਿ ਇਹ ਮੀਟਿੰਗ ਹੁਣ ਸੱਤ ਜਨਵਰੀ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਪਹਿਲਾਂ ਦੋ ਵਾਰ ਵੀ 28 ਅਤੇ 30 ਦਸੰਬਰ ਨੂੰ ਰੱਖੀ ਗਈ ਮੀਟਿੰਗ ਅੱਗੇ ਪਾ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਸਰਕਾਰ ਹੁਣ ਫਿਰ ਟਾਲ-ਮਟੋਲ ਦੀ ਨੀਤੀ ਅਪਣਾ ਕੇ ਜਾਣ ਬੁੱਝ ਕੇ ਕਿਸਾਨਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ।

## ਪੈਰਾ ਮੈਡੀਕਲ ਸਟਾਫ ਵੱਲੋਂ ਮੰਗਾਂ ਮਨਵਾਉਣ ਲਈ ਭੁੱਖ ਹੜਤਾਰ ਸ਼ੁਰੂ ਕੀਤੀ




**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਗੁਰਦਾਸਪੁਰ ਵੱਲੋਂ ਸਿਵਲ ਸਰਜਨ ਦਫ਼ਤਰ ਗੁਰਦਾਸਪੁਰ ਵਿਖੇ ਸਮੂਹ ਪੀ ਐੱਚ ਸੀ ਯੂਨੀਅਨਾਂ ਵੱਲੋਂ ਭੁੱਖ ਹਡਤਾਲ ਕੀਤੀ ਗਈ ਅਤੇ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਜਿਸ ਵਿੱਚ ਮੁਲਾਜਮਾਂ ਦੇ ਜੋ ਭੱਤੇ ਕੱਟੇ ਗਏ ਹਨ ਉਨ੍ਹਾਂ ਨੂੰ ਬਹਾਲ ਕਰਨ ਲਈ ਸਰਕਾਰ ਖਲਿਾਫ ਨਾਅਰੇਬਾਜੀ ਕੀਤੀ ਗਈ। ਸੰਘਰਸ਼ ਤੇ ਬੈਠੇ ਹੋਏ ਮੁਲਾਜਮਾਂ ਨੇ ਪੰਜਾਬ ਸਰਕਾਰ ਦਾ ਪੁਰਜੋਰ ਵਿਰੋਧ ਕੀਤਾ ਤੇ ਸਖਤ ਸਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਜੇਕਰ ਸਾਡੀਆਂ ਜਾਇੰਜ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰੀਆਂ ਨਹੀਂ ਕੀਤੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ । ਇਸ ਸਮੂਹ ਜਥੇਬੰਦੀਆਂ ਵੱਲੋਂ ਕਿਹਾ ਕਿ ਸਾਡੀਆਂ ਮੰਗਾਂ ਨੂੰ ਨਹੀ ਮੰਨਿਆ ਗਿਆ ਤਾਂ ਸੰਘਰਸ ਨੂੰ ਇਸੇ ਤਰਾ ਹੀ ਜਾਰੀ ਰੱਖਿਆ ਜਾਵੇਗਾ ।

## ਮੀਟਿੰਗਾਂ ਦੇ ਟਾਲ-ਮਟੋਲ ਤੋਂ ਪ੍ਰੇਸ਼ਾਨ ਫਾਰਮੇਸੀ ਅਫਸਰ ਤੇ ਦਰਜਾ-4 ਕਰਨਗੇ ਅੱਜ ਖਰੜ 'ਚ ਚੱਕਾ ਜਾਮ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਫਾਰਮੇਸੀ ਅਫਸਰਜ਼ ਐਸੋਸੀਏਸ਼ਨ ਜਿਲਾਂ ਗੁਰਦਾਸਪੁਰ ਸਿਹਤ ਵਿਭਾਗ ਅਤੇ ਰੂਰਲ ਹੈਲਥ ਫਾਰਮੇਸੀ ਅਫਸਰਜ਼ ਐਸੋਸੀਏਸ਼ਨ ਗੁਰਦਾਸਪੁਰ ਪੰਚਾਇਤ ਵਿਭਾਗ ਅਤੇ ਉਨ੍ਹਾਂ ਨਾਲ ਕੰਮ ਕਰਦੇ ਦਰਜ਼ਾ ਚਾਰ ਕਰਮਚਾਰੀ ਯੂਨੀਅਨ ਦੀ ਮੀਟਿੰਗ ਹੋਈ,ਜਿਸ ਵਿੱਚ ਬੀਤੇ ਦਿਨੀ ਜੋ ਸੂਬਾ ਵਫਦ ਦੀ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਨਾਲ ਬੇਸਿੱਟਾ ਮੀਟਿੰਗ ਹੋਈ ਸੀ ,ਉਸ ਪ੍ਰਤੀ ਸਮੂਹ ਮੁਲਾਜਮਾਂ ਵੱਲੋਂ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਜਿਲਾਂ ਪ੍ਰਧਾਨ ਬਲਜੀਤ ਸਿੰਘ,ਪਰਮਿੰਦਰ ਸਿੰਘ ਭਾਟੀਆ ਨੇ ਕਿਹਾ ਕਿ 2017 ਵਿੱਚ ਕਾਂਗਰਸ ਨੇ ਸਾਡੇ ਮੁਲਾਜਮਾਂ ਨਾਲ ਵਾਅਦਾ ਕੀਤਾ ਸੀ, ਕਿ ਜਦੋਂ ਉਨ੍ਹਾਂ ਦੀ ਸਰਕਾਰ ਆਵੇਗੀ ਤਾਂ ਤੁਹਾਡੇ ਮੁਲਾਜਮਾਂ ਨੂੰ ਪਹਿਲ ਦੇ ਅਧਾਰ ਤੇ ਪੱਕਾ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਸਰਕਾਰ ਲਗਾਤਾਰ ਮੀਟਿੰਗ ਕਰਕੇ ਲਾਰੇ ਲੱਪੇ ਲਾ ਰਹੀ ਹੈ,ਜਿਸ ਨਾਲ ਸਾਡੇ ਮੁਲਾਜਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਉਨ੍ਹਾ ਕਿਹਾ ਕਿ ਸਰਕਾਰ ਦੀ ਇਸ ਵਾਅਦਾ ਖਿਲਾਫੀ ਦੇ ਚਲਦੇ ਸੂਬਾ ਭਰ ਵਿੱਚ ਡਿਊਟੀਆਂ ਦਾ ਬਾਈਕਾਟ ਕਰਦੇ ਹੋਏ ਧਰਨੇ ਦਿੱਤੇ ਜਾ ਰਹੇ ਹਨ।ਪਰ ਸਰਕਾਰ ਦੇ ਕੰਨਾਂ ਤੇ ਜੂੰ ਨਹੀ ਸਰਕ ਰਹੀ ਉਨਾਂ ਦੱਸਿਆਂ ਕਿ ਜਦੋਂ ਤੱਕ ਸਾਡੀਆਂ ਮੰਗਾਂ ਨਹੀ ਪੂਰੀਆਂ ਹੁੰਦੀਆਂ ਧਰਨਾ ਇਸੇ ਤਰਾ ਜਾਰੀ ਰਹੇਗਾ।ਉਨਾਂ ਕਿਹਾ ਕਿ ਸਾਡੇ ਮੁਲਾਜਮ ਪਿਛਲੇ ਸਾਢੇ 15 ਸਾਲ ਤੋਂ ਨਾਮਾਤਰ ਤਨਖਾਹ ਤੇ ਬਹੁਤ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀਆਂ ਡਿਊਟੀਆਂ ਨਿਭਾਅ ਰਹੇ ਹਨ। ਪਿਛਲੇ 2 ਸਾਲ ਤੋਂ ਸਾਡੇ ਮੁਲਾਜਮ ਕੋਰੋਨਾ ਮਾਹਾਂਮਾਰੀ ਦੌਰਾਨ ਬਿਨਾਂ ਕਿਸੇ ਸਿਹਤ ਬੀਮੇ ਤੋਂ ਆਪਣੀ ਜਾਨ ਜੋਖਮ ਵਿੱਚ ਪਾ ਕੇ ਡਿਊਟੀਆਂ ਨਿਭਾਅ ਰਹੇ ਹਨ, ਪਰ ਸਰਕਾਰ ਨੇ ਇਸ ਕੋਰੋਨਾ ਕਾਲ ਦੌਰਾਨ ਸਾਡੇ ਮੁਲਜਾਮਾਂ ਦਾ ਇਕ ਵੀ ਪੈਸਾ ਨਹੀ ਵਧਾਇਆਂ ਗਿਆ।ਉਨਾਂ ਕਿਹਾ ਕਿ ਸਰਕਾਰ ਫਾਰਮੇਸੀ ਕੇਡਰ ਨੂੰ ਪੂਰੀ ਤਰ੍ਹਾ ਤਬਾਹ ਕਰਨ ਤੇ ਤੁੱਲੀ ਹੋਈ ਹੈ ।ਪਰ ਸਾਡੇ ਮੁਲਾਜਮ ਸਰਕਾਰ ਦੇ ਇਸ ਮਨਸੂਬੇ ਨੂੰ ਕਿਸੇ ਹਾਲਤ ਵਿਚ ਵੀ ਸਫਲ ਨਹੀ ਹੋਣ ਦੇਣਗੇ। ਜਿਸ ਕਰਕੇ 3 ਜਨਵਰੀ ਨੂੰ ਸੂਬਾ ਕਰਜਕਰਨੀ ਵੱਲੋਂ ਖਰੜ ਵਿਖੇ ਰੋਸ ਪ੍ਰਦਰਸ਼ਨ ਕਰਕੇ ਹਾਈਵੇ ਜਾਮ ਕਰਨ ਦੀ ਕਾਲ ਦਿੱਤੀ ਗਈ ਹੈ,ਉਸ ਵਿੱਚ ਸਾਡੇ ਜਿਲੇ ਭਰ ਚੋਂ ਭਾਰੀ ਗਿਣਤੀ ਵਿੱਚ ਮੁਲਾਜਮ ਸ਼ਮੂਲੀਅਤ ਕਰਨਗੇ ਅਤੇ ਸੁੱਤੀ ਹੋਈ ਸਰਕਾਰ ਨੂੰ ਜਗਾਉਣਗੇ।

## ਨਰਕੋਟਿਕਸ ਸੈਲ ਹਿਮਾਚਲ ਨੇ 1 ਕਿਲੋਗ੍ਰਾਮ 98 ਗ੍ਰਾਮ ਚਰਸ ਨਾਲ ਇੱਕ ਨੂੰ ਕੀਤਾ ਕਾਬੂ



**ਪਠਾਨਕੋਟ / ਡਮਟਾਲ/ਰਜਨੀਸ਼ ਕਾਲੂ**

ਐਸਪੀ ਕਾਂਗੜਾ ਖੁਸ਼ਹਾਲ ਚੰਦ ਵੱਲੋਂ ਨਸ਼ੇ ਦੇ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਥਾਨਾਂ ਇੰਦੌਰਾ ਦੇ ਅਧੀਨ ਪੈਂਦੇ ਡਿਓਠੀ ਤੋਂ ਇੱਕ ਵਿਅਕਤੀ ਕੋਲੋਂ ਇੱਕ ਕਿਲੋ ਗ੍ਰਾਮ ਚਰਸ ਬਰਾਮਦ ਕੀਤੀ ਹੈ । ਨਰਕੋਟਿਕਸ ਸੈਲ ਨੂਰਪੁਰ ਦੇ ਇੰਚਾਰਜ ਹਮੀਦ ਆਪਣੀ ਟੀਮ ਸਮੇਤ ਗਸ਼ਤ ਤੇ ਸੀ ।ਬਡੂਖਰ ਦੇ ਨੇੜੇ ਇੱਕ ਵਿਅਕਤੀ ਜੋਕਿ ਬਿਨਾਂ ਨੰਬਰ ਸਪਲੈਂਡਰ ਮੋਟਰਸਾਈਕਲ ਤੇ ਸਵਾਰ ਸੀ ਉਹਨਾਂ ਨੂੰ ਦੇਖ ਕੇ ਭੱਜਣ ਲੱਗਾ ।ਸ਼ੱਕ ਦੇ ਅਧਾਰ ਤੇ ਉਸਨੂੰ ਕਾਬੂ ਕਰਕੇ ਉਸਦੀ ਤਲਾਸ਼ੀ ਲਈ ਗਈ ਤੇ ਉਸ ਕੋਲੋਂ 1 ਕਿਲੋਗ੍ਰਾਮ 98 ਗ੍ਰਾਮ ਚਰਸ ਬਰਾਮਦ ਹੋਈ । ਇਸ ਸਬੰਧੀ ਜਾਣਕਾਰੀ ਦੌਦੇ ਹੋਏ ਐਸ.ਡੀ.ਪੀ.ਓ ਨੂਰਪੁਰ ਸੁਰਿੰਦਰ ਸ਼ਰਮਾ ਨੇ ਦੱਸਿਆ ਕਿ ਚਰਸ ਸਮੇਤ ਫੜੇ ਗਏ ਦੋਸ਼ੀ ਦੀ ਪਹਿਚਾਣ ਸਾਦਿਕ ਮੁਹੰਮਦ ਸਪੁੱਤਰ ਸ਼ੇਰ ਮੁਹੰਮਦ ਵਾਸੀ ਸ਼ੰਜੁ ਤਹਿਸੀਲ ਤੀਸਾ ਜ਼ਿਲ੍ਹਾ ਚੰਬਾ ਜੋ ਕਿ ਹੁਣ ਪੰਚਾਇਤ ਰਿਆਲੀ ਤਹਿਸੀਲ ਫਤਿਹਪੁਰ ਵਿੱਚ ਰਹਿੰਦਾ ਹੈ । ਪੁਲਿਸ ਨੇ ਦੋਸ਼ੀ ਖਿਲਾਫ਼ ਐਨ.ਡੀ.ਪੀ ਐਸ ਤਹਿਤ ਮਾਮਲਾ ਦਰਜ਼ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਐੱਸ. ਸੀ. ਭਾਈਚਾਰੇ ਦੇ ਹਰ ਬੱਚੇ ਦੀ ਚੰਗੀ ਸਿੱਖਿਆ ਮੇਰੀ ਗਾਰੰਟੀ : ਕੇਜਰੀਵਾਲ

**ਰਾਮ ਤੀਰਥ/ਲੋਕ ਬਾਣੀ**

ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਵੇਂ ਸਾਲ ਮੌਕੇ ਭਗਵਾਨ ਵਾਲਮੀਕਿ ਤੀਰਥ ਸਥਾਨ ਰਾਮ ਤੀਰਥ (ਅੰਮ੍ਰਿਤਸਰ) ਵਿਖੇ ਨਤਮਸਤਕ ਹੋਏ . ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਐਸ. ਸੀ. ਵਰਗ ਦੇ ਹਰੇਗ ਬੱਚੇ ਨੂੰ ਚੰਗੀ ਅਤੇ ਮੁਫਤ ਸਿੱਖਿਆ ਦੇਣ ਦੀ ਗਰੰਟੀ ਮੇਰੀ ਹੈ, ਜਿਹੋ-ਜਿਹੀ ਸਿੱਖਿਆ ਅਮੀਰਾਂ ਦੇ ਬੱਚਿਆਂ ਨੂੰ ਨਿੱਜੀ ਸਕੂਲਾਂ 'ਚ ਮਿਲਦੀ ਹੈ, ਉਹੋ ਜਿਹੀ ਸਿੱਖਿਆ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਹਰ ਬੱਚੇ ਨੂੰ ਦਿੱਤੀ ਜਾਵੇਗੀ . ਉਨ੍ਹਾਂ ਪੰਜਾਬ ਦੇ ਸਫਾਈ ਕਰਮਚਾਰੀਆਂ ਬਾਰੇ ਐਲਾਨ ਕਰਦਿਆਂ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਸਾਰੇ ਕੱਚੇ ਸਫਾਈ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇਗਾ . ਉਨ੍ਹਾਂ ਨਾਲ ਹੀ ਐਲਾਨ ਕੀਤਾ ਕਿ ਨਾਲਿਆਂ (ਸੀਵਰੇਜ) ਦੀ ਸਫਾਈ ਕਰਦਿਆਂ ਕਈ ਵਾਰ ਸਫਾਈ ਕਰਮਚਾਰੀਆਂ ਦੀ ਮੌਤ ਹੋ ਜਾਂਦੀ ਹੈ, ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ 'ਆਪ' ਦੀ ਪੰਜਾਬ 'ਚ ਸਰਕਾਰ ਬਣਨ 'ਤੇ ਸਫਾਈ ਕਰਮਚਾਰੀਆਂ ਲਈ ਅਧੁਨਿਕ ਸਫਾਈ ਮਸੀਨਾਂ ਦਾ ਪ੍ਰਬੰਧ ਕੀਤਾ ਜਾਵੇਗਾ .ਇਸ ਮੌਕੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਪੰਜਾਬ ਦੇ ਪ੍ਰਧਾਨ ਭਗਵੰਤ ਮਾਨ, ਪੰਜਾਬ ਦੇ ਸਹਿ-ਇੰਚਾਰਜ ਰਾਘਵ ਚੱਢਾ ਆਦਿ ਉਨ੍ਹਾਂ ਨਾਲ ਸਨ . ਭਗਵਾਨ ਵਾਲਮੀਕਿ ਤੀਰਥ ਧੂਣਾ ਸਾਹਿਬ ਦੇ ਮਹੰਤ ਮਲਕੀਤ ਨਾਥ, ਚੇਅਰਮੈਨ ਓਮ ਪ੍ਰਕਾਸ ਗੱਬਰ, ਬਾਬਾ ਬਲਵੰਤ ਨਾਥ ਵਲੋਂ ਭਗਵਾਨ ਵਾਲਮੀਕਿ ਤੀਰਥ ਵਿਖੇ ਸਵਾਗਤ ਕਰਦਿਆਂ ਕੇਜਰੀਵਾਲ ਨੂੰ ਗੁਰਜ ਦੇ ਕੇ ਸਨਮਾਨਿਤ ਕੀਤਾ ਗਿਆ . ਭਗਵਾਨ ਵਾਲਮੀਕਿ ਤੀਰਥ ਦੇ ਮਹੰਤਾਂ ਦੀ ਮੰਗ ਅਨੁਸਾਰ ਉਨ੍ਹਾਂ ਵਾਲਮੀਕਿ ਤੀਰਥ ਦੀ ਸਾਂਭ ਸੰਭਾਲ ਲਈ ਬਣਿਆ ਸਰਕਾਰੀ ਸਰਾਇਨ ਬੋਰਡ ਭੰਗ ਕਰਨ ਦਾ ਵਾਅਦਾ ਕਰਦਿਆਂ ਕਿਹਾ ਕਿ ਇਹ ਵਾਲਮੀਕਿ ਸਮਾਜ ਦਾ ਸਥਾਨ ਹੈ ਅਤੇ ਇਸ ਦਾ ਪ੍ਰਬੰਧ ਵੀ ਸਮਾਜ ਕੋਲ ਹੋਣਾ ਚਾਹੀਦਾ ਹੈ . ਕਿਸਾਨ ਜਥੇਬੰਦੀਆਂ ਨਾਲ ਗੱਠਜੋੜ ਕਰਨ ਜਾਂ ਬਿਕਰਮ ਸਿੰਘ ਮਜੀਠੀਆ ਨੂੰ ਲੈ ਕੇ ਕੀਤੇ ਗਏ ਸਵਾਲਾਂ ਨੂੰ ਉਹ ਬੜੀ ਸਫਾਈ ਨਾਲ ਇਹ ਕਹਿ ਕੇ ਟਾਲ ਗਏ ਕਿ ਇਥੇ ਸਿਆਸੀ ਗੱਲਾਂ ਨਹੀਂ ਕੀਤੀਆਂ ਜਾਣਗੀਆਂ, ਇਹ ਕਹਿੰਦੇ ਹੋਏ ਉਹ ਨਾਲ ਹੀ ਉਠ ਕੇ ਚੱਲਦੇ ਬਣੇ .ਇਸ ਮੌਕੇ ਰਾਜਾਸਾਂਸੀ ਹਲਕੇ ਤੋਂ ਉਮੀਦਵਾਰ ਬਲਦੇਵ ਸਿੰਘ ਮਿਆਦੀਆਂ, ਜੰਡਿਆਲਾ ਗੁਰੂ ਤੋਂ ਉਮੀਦਵਾਰ ਹਰਭਜਨ ਸਿੰਘ ਈ. ਟੀ. ਓ., ਫਿਲਮ ਅਦਾਕਾਰ ਅਰਵਿੰਦਰ ਸਿੰਘ ਭੱਟੀ, ਰਵਿੰਦਰ ਹੰਸ, ਅਜਨਾਲਾ ਤੋਂ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ, ਹਲਕਾ ਉੱਤਰੀ ਤੋਂ ਉਮੀਦਵਾਰ ਕੁੰਵਰ ਵਿਜੇ ਪ੍ਰਤਾਪ ਸਿੰਘ, ਹਲਕਾ ਪੱਛਮੀ ਤੋਂ ਉਮੀਦਵਾਰ ਡਾ: ਜਸਬੀਰ ਸਿੰਘ, ਬਾਬਾ ਰਕੇਸ ਨਾਥ ਆਦਿ ਹਾਜਰ ਸਨ .



# ਲਫ਼ਜ਼ਾਂ ਦੀ ਦੁਨੀਆ ਸਾਹਿਤ ਸਭਾ, ਨਕੋਦਰ 2021 ਦੌਰਾਨ ਦੁਨੀਆ ਭਰ ਦੀਆਂ ਸਭਾਵਾਂ ਤੋਂ ਮੋਹਰੀ ਰਹੀ

**ਚੰਡੀਗੜ/ਲੋਕ ਬਾਣੀ**

ਸਾਹਿਤ ਸਭਾਵਾਂ ਦੇ ਅੰਕੜੇ ਵੇਖਿਆਂ ਗੱਲ ਸਾਹਮਣੇ ਆਈ ਹੈ ਕਿ ਲਫ਼ਜ਼ਾਂ ਦੀ ਦੁਨੀਆ ਸਾਹਿਤ ਸਭਾ, ਨਕੋਦਰ 2021 ਵਿਚ ਸਭ ਤੋਂ ਵੱਧ ਮੁੱਲਵਾਨ ਸਮਾਗਮ ਕਰਵਾਉਣ ਵਾਲੀ ਸੰਸਥਾ ਬਣੀ। ਇਸ ਸਾਹਿਤ ਸਭਾ ਨੇ 2 ਅਪ੍ਰੈਲ 21 ਤੋਂ ਲੈ ਕੇ 31 ਦਸੰਬਰ, 21 ਤੱਕ 64 ਪ੍ਰੋਗਰਾਮ ਕਰਵਾਏ। ਜਿਨਾਂ ਵਿੱਚ 2 ਅਪ੍ਰੈਲ, 21 ਤੋਂ 30 ਅਪ੍ਰੈਲ, 21 ਤੱਕ 30 ਪ੍ਰੋਗਰਾਮ, ਮਈ ਵਿਚ 5, ਜੂਨ 'ਚ 6, ਜੁਲਾਈ 'ਚ 6 ਅਤੇ ਦਸੰਬਰ, 21 ਵਿੱਚ 17 ਪ੍ਰੋਗਰਾਮ ਕਰਵਾਏ ਗਏ। ਇਨਾਂ ਸਾਰੇ ਪ੍ਰੋਗਰਾਮਾਂ ਦਾ ਵੇਰਵਾ : 02 ਅਪ੍ਰੈਲ : ਆਨ-ਲਾਈਨ ਸਿੱਖਿਆ : ਲਾਭ ਤੇ ਹਾਨੀਆਂ, 3 ਅਪ੍ਰੈਲ: ਹਰਵਿੰਦਰ ਸਿੰਘ ਰਿਆੜ ਯਾਦਗਾਰੀ ਕਵੀ ਦਰਬਾਰ, 4 ਅਪ੍ਰੈਲ: ਪੁਰਾਤਨ ਵਸਤਾਂ ਅਤੇ ਵਿਰਸੇ ਦੀ ਨੁਮਾਇਸ਼ (ਪ੍ਰਦਰਸ਼ਨੀ), 5 ਅਪ੍ਰੈਲ: ਦਸਤਾਰ ਸਜਾਓ ਅਤੇ ਭੰਗੜਾ ਟ੍ਰੇਨਿੰਗ, 6 ਅਪ੍ਰੈਲ: ਵਿਰਾਸਤੀ ਸਵਾਲ-ਜਵਾਬ (ਕੁਇਜ਼) ,7 ਅਪ੍ਰੈਲ: ਨਾਰੀ ਕਾਵਿ-ਸ਼ਾਰ, 8 ਅਪ੍ਰੈਲ: ਪੰਜਾਬੀ ਅੱਖਰਕਾਰੀ ਅਤੇ ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ, 9 ਅਪ੍ਰੈਲ: ਜੁਗਨੂੰਆਂ ਦੇ ਸ਼ਹਿਰ ਤੋਂ ਕਿਤਾਬ ਲੋਕ ਅਰਪਣ ਅਤੇ ਵਿਚਾਰ ਚਰਚਾ, 10 ਅਪ੍ਰੈਲ: ਉੱਜਲੇ ਕੈਨਵਸ ਦੇ ਸਨਮੁੱਖ : ਸੁਰਜੀਤ ਪਾਤਰ ( ਰੂ-ਬ-ਰੂ), 11 ਅਪ੍ਰੈਲ: ਅੰਤਰਰਾਸ਼ਟਰੀ ਪਰਵਾਸੀ ਕਵੀ ਦਰਬਾਰ, 12 ਅਪ੍ਰੈਲ: ਅੰਤਰਰਾਸ਼ਟਰੀ ਬਾਲ ਸਾਹਿਤ ਮੁਸ਼ਾਇਰਾ, 13 ਅਪ੍ਰੈਲ: ਗੁਰਮਤਿ ਸੰਗੀਤ ਗਾਇਨ ਸ਼ੈਲੀਆਂ ਅਤੇ ਤਾਲ ਵਾਦਨ, 14 ਅਪ੍ਰੈਲ: ਕੌਮੀ ਪੰਥਕ ਕਵੀ ਦਰਬਾਰ, 15 ਅਪ੍ਰੈਲ: ਸਮੱਸਿਆਵਾਂ ਦੇ ਮਨੋਵਿਗਿਆਨਕ ਹੱਲ, 16 ਅਪ੍ਰੈਲ: ਪੰਜਾਬੀ ਦੇ ਸਾਹਿਤਕ ਸਵਾਲ - ਜਵਾਬ (ਕੁਇਜ਼), 17 ਅਪ੍ਰੈਲ: ਲਾਈਵ ਕਰੀਅਰ ਫੋਨ - ਇਨ ਪ੍ਰੋਗਰਾਮ, 18 ਅਪ੍ਰੈਲ: ਲਹਿੰਦੇ ਪੰਜਾਬ ਦੇ ਸ਼ਾਇਰ : ਮੁਸ਼ਾਇਰਾ, 19 ਅਪ੍ਰੈਲ: ਕਿਤਾਬ ਗੋਸ਼ਟੀ (ਪ੍ਰੀਤ ਲੱਧੜ ਦੀ ਕਿਤਾਬ ਕਲਮ ਨਾਦ 'ਤੇ ਵਿਚਾਰ ਚਰਚਾ), 20 ਅਪ੍ਰੈਲ: ਕੌਮੀ ਗ਼ਜ਼ਲ ਦਰਬਾਰ, 21ਅਪ੍ਰੈਲ: ਅੰਤਰਰਾਸ਼ਟਰੀ ਮਿੰਨੀ ਕਹਾਣੀ ਦਰਬਾਰ, 22 ਅਪ੍ਰੈਲ: ਆਜ਼ਾਦੀ ਸੰਗਰਾਮ ਦੇ ਮੁੱਢਲੇ ਇਨਕਲਾਬੀ, 23 ਅਪ੍ਰੈਲ: ਪੰਥਕ ਬਾਲ ਕਵੀ ਦਰਬਾਰ, 24 ਅਪ੍ਰੈਲ : ਕਵੀ ਤੇ ਕਵਿਤਾ (ਨੌਜਵਾਨ ਕਵੀ ਦਰਬਾਰ), 25 ਅਪ੍ਰੈਲ: ਯਾਦਗਾਰੀ ਖ਼ਤ, 26 ਅਪ੍ਰੈਲ: ਪੰਜਾਬੀ ਜਨ ਜੀਵਨ ਵਿੱਚ ਦੀਵਾ, 27 ਅਪ੍ਰੈਲ: ਗੀਤਾਂ ਦੇ ਵਣਜਾਰੇ, 28 ਅਪ੍ਰੈਲ: ਜੇਬ 'ਚ ਯਾਦਾਂ ਖੜਕਦੀਆਂ, 29 ਅਪ੍ਰੈਲ: ਕਵਿਤਾ ਦੇ ਅੰਗ ਸੰਗ (ਕਵੀ ਦਰਬਾਰ), 29 ਅਪ੍ਰੈਲ: ਕਿਤਾਬ ਗੋਸ਼ਟੀ (ਕਿਸੇ 'ਚੋਂ ਕੋਈ ਲੱਭਣਾ 'ਤੇ), 30 ਅਪ੍ਰੈਲ: ਸ. ਜਗਦੇਵ ਸਿੰਘ ਜੱਸੋਵਾਲ ਦੇ ਜਨਮ ਦਿਨ 'ਤੇ ਵਿਸ਼ੇਸ਼ ਪ੍ਰੋਗਰਾਮ, 1 ਮਈ: ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ, 6 ਮਈ: ਯਾਦਗਾਰੀ ਸਮਾਗਮ (ਸ਼ਿਵ ਕੁਮਾਰ ਬਟਾਲਵੀ ਦੀ 48ਵੀਂ ਬਰਸੀ 'ਤੇ), 9 ਮਈ: ਦੂਜਾ ਪੰਥਕ ਬਾਲ ਕਵੀ ਦਰਬਾਰ), 16 ਮਈ: ਇਤਿਹਾਸਕ ਪੈੜਾਂ : ਪੰਜਾਬੀ ਵਿਭਾਗ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ), 23 ਮਈ: ਤੀਜਾ ਪੰਥਕ ਬਾਲ ਕਵੀ ਦਰਬਾਰ) 1 ਜੂਨ: ਕੈਨਵਸ ਦੇ ਰੰਗ, 2 ਜੂਨ: ਮਹਿਫ਼ਿਲ -ਏ- ਅਦਬ, 17 ਜੂਨ: ਪਾਠਕ ਦਰਬਾਰ (ਪਹਿਲਾ), 18 ਜੂਨ: ਅਲਵਿਦਾ ਤੋਂ ਪਹਿਲਾਂ ਕਿਤਾਬ ਲੋਕ ਅਰਪਣ ਤੇ ਚਰਚਾ), 24 ਜੂਨ: ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਾਲ ਕਵੀ ਦਰਬਾਰ) , 25 ਜੂਨ: ਚਰਚਾ - ਸਿਹਤ ਸੰਬੰਧੀ ਵਹਿਮ ਭਰਮ), 6 ਜੁਲਾਈ: ਪੁਆਧੀ ਕਵਿਤਾ (ਕਵੀ ਦਰਬਾਰ), 8 ਜੁਲਾਈ: ਪੰਜਾਬੀ ਅਦੀਬ (ਕਵੀ ਦਰਬਾਰ), 9 ਜੁਲਾਈ: ਬੱਚਿਆਂ ਦੀ ਸਾਂਭ ਸੰਭਾਲ (ਚਰਚਾ), 10 ਜੁਲਾਈ: ਕਿਵੇਂ ਕਰਵਾਈਏ ਸੌਖਾ ਅਤੇ ਸਸਤਾ ਇਲਾਜ ? (ਚਰਚਾ), 11 ਜੁਲਾਈ: ਕਿਤਾਬ ਲੋਕ ਅਰਪਣ ਅਤੇ ਵਿਚਾਰ ਚਰਚਾ (ਅੰਤਰਨਾਦ), 12 ਜੁਲਾਈ: ਪੰਜਾਬੀ ਦੀ ਕਿਹੜੀ ਉੱਪ ਬੋਲੀ ਕਿੱਥੇ ਬੋਲੀ ਜਾਂਦੀ ਹੈ ? (ਚਰਚਾ), 7 ਦਸੰਬਰ: ਪਹਿਲੀ ਪਾਤਸ਼ਾਹੀ ਨੂੰ ਸਮਰਪਿਤ: ਪੰਥਕ ਕਵੀ ਦਰਬਾਰ) , 8 ਦਸੰਬਰ: ਨੌਵੀਂ ਪਾਤਸ਼ਾਹੀ ਨੂੰ ਸਮਰਪਿਤ: ਪੰਥਕ ਕਵੀ ਦਰਬਾਰ), 11 ਦਸੰਬਰ: ਸੁਖ਼ਨਵਰਾਂ ਦੇ ਬੋਲ (ਕਵੀ ਦਰਬਾਰ), 13 ਦਸੰਬਰ: ਗੁਰੂ ਹਰਿ ਰਾਇ ਜੀ : ਜੀਵਨ ਤੇ ਸਿੱਖਿਆ) ,14 ਦਸੰਬਰ: ਫਿੱਡ ਦੀਆਂ ਬਿਮਾਰੀਆਂ ਅਤੇ ਇਲਾਜ), 15 ਦਸੰਬਰ: ਕੰਜ਼ਿਊਮਰ ਦੇ ਅਧਿਕਾਰ, ਕੰਜ਼ਿਊਮਰ ਕੋਰਟ ਅਤੇ ਲੀਗਲ ਮੈਟਰੋਲੌਜੀ),16 ਦਸੰਬਰ: ਵੋਟਰ ਜਾਗਰੂਕਤਾ ਪ੍ਰੋਗਰਾਮ),18 ਦਸੰਬਰ: ਕੁੜੀਆਂ ਦੇ ਵਿਆਹ ਦੀ ਉਮਰ ਵਧਾਉਣ ਦੀ ਪ੍ਰਸੰਗਿਕਤਾ), 20 ਦਸੰਬਰ: ਚੌਥਾ ਬਾਲ ਕਵੀ ਦਰਬਾਰ), 22 ਦਸੰਬਰ: ਯਾਦਾਂ ਦੀ ਚੰਗੇਰ 'ਚੋਂ (ਸ. ਜਗਦੇਵ ਸਿੰਘ ਜੱਸੋਵਾਲ ਨੂੰ ਯਾਦ ਕਰਦਿਆਂ), 22 ਦਸੰਬਰ: ਨਿਵੇਕਲੀ ਪਹਿਲ : ਮੁਲਾਕਾਤ), 24 ਦਸੰਬਰ: ਗ਼ਜ਼ਲਈ ਸ਼ਾਮ (ਗ਼ਜ਼ਲ ਦਰਬਾਰ), 26 ਦਸੰਬਰ: 10ਵੀਂ ਪਾਤਸ਼ਾਹੀ ਤੇ ਪਰਿਵਾਰ ਨੂੰ ਸਮਰਪਿਤ : ਗਾਇਨ ਦਰਬਾਰ), 28 ਦਸੰਬਰ: ਸੁਨਹਿਰੀ ਭਵਿੱਖ ਲਈ ਸਰਕਾਰੀ ਸਕੂਲਾਂ ਦੀ ਭੂਮਿਕਾ), 29 ਦਸੰਬਰ: ਪੰਜਵਾਂ ਬਾਲ ਕਵੀ ਦਰਬਾਰ ( ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ), 30 ਦਸੰਬਰ: ਬਾਲ ਸਾਹਿਤ ਕਹਾਣੀ ਦਰਬਾਰ 64), 31ਦਸੰਬਰ: ਭਰੀ ਸੁਗੰਧੀਆਂ ਪੌਣ (ਨਵੇਂ ਸਾਲ ਨੂੰ ਸਮਰਪਿਤ ਪ੍ਰੋਗਰਾਮ)। ਸਭਾ ਦੇ ਪ੍ਰਧਾਨ ਪ੍ਰੋਫ਼ੈਸਰ ਜਸਵੀਰ ਸਿੰਘ ਨੇ ਦੱਸਿਆ ਕਿ ਅਸੀਂ ਸਮਾਜ ਵਿੱਚ 'ਸ਼ਬਦ-ਗੁਰੂ' ਦੇ ਪ੍ਰਚਾਰ ਪਸਾਰ ਲਈ ਯਤਨਸ਼ੀਲ ਹਾਂ। ਸਾਡੀ ਪਹਿਲ ਸਮਾਜ ਨੂੰ ਸੇਧ ਦੇਣ ਵਾਲੇ ਸਮਾਗਮਾਂ ਨਾਲ ਜੋੜਨ ਦੀ ਰਹੀ ਹੈ।

# ਰਾਣੀ ਰਮਨੀਕ ਕੌਰ ਨੂੰ ਪਿੰਡਾਂ ਅਤੇ ਖੰਨਾ ਸ਼ਹਿਰ ਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ

**■ ਸਰਕਾਰ ਬਣਦੀਆਂ ਹੀ ਖੰਨਾ ਹਲ਼ਕੇ ਨੂੰ ਵਿਕਾਸ ਪਖੋਂ ਮੋਹਰੀ ਹਲਕਾ ਬਣਾਇਆ ਜਾਵੇਗਾ: ਰਾਣੀ ਰਮਨੀਕ ਕੌਰ ਗਰੇਵਾਲ**



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਵਿਧਾਨ ਸਭਾ ਹਲ਼ਕਾ ਖੰਨਾ ਵਿੱਚ ਰਾਣੀ ਰਮਨੀਕ ਕੌਰ ਗਰੇਵਾਲ ਨੇਤਾ ਪੰਜਾਬ ਲੋਕ ਕਾਂਗਰਸ (ਸਾਬਕਾ ਕਾਂਗਰਸ ਦੇ ਮੰਤਰੀ ਕਰਮ ਸਿੰਘ ਗਿੱਲ ਦੀ ਪੁੱਤਰੀ ) ਨੇ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹੋਇਆ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਖੰਨਾ ਹਲ਼ਕੇ ਅਤੇ ਵਾਰਡ ਪੱਧਰ ਤੇ ਨਵੀਆਂ ਨਿਯੁਕਤੀਆਂ ਕਰਕੇ ਜਿੱਥੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ ਉਥੇ ਹੀ ਉਹਨਾਂ ਆਗੂਆਂ ਨੂੰ ਕਿਹਾ ਕਿ ਹੁਣ ਤੋਂ ਹੀ ਕਮਰ ਕਸੇ ਕਰ ਲਵੋ ਕਿਉਂਕਿ ਪੰਜਾਬ ਵਿੱਚ ਅਗਲੀ ਸਰਕਾਰ ਪੰਜਾਬ ਲੋਕ ਕਾਂਗਰਸ ਗਠਬੰਧਨ ਦੀ ਸਰਕਾਰ ਬਣਨਾ ਤੈਅ ਹੈ ਰਾਣੀ ਰਮਨੀਕ ਕੌਰ ਨੂੰ ਪਿੰਡਾਂ ਅਤੇ ਖੰਨਾ ਸ਼ਹਿਰ ਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਜਿਸਨੇ ਹਲਕੇ ਦੀ ਰਾਜਨੀਤਕ ਤਸਵੀਰ ਬਦਲ ਦਿੱਤੀ ਹੈ ਰਾਣੀ ਰਮਨੀਕ ਕੌਰ ਗਰੇਵਾਲ ਨੇ ਕਿਹਾ ਕਿ ਸਰਕਾਰ ਬਣਦੀਆਂ ਹੀ ਖੰਨਾ ਹਲ਼ਕੇ ਨੂੰ ਵਿਕਾਸ ਪਖੋਂ ਮੋਹਰੀ ਹਲਕਾ ਬਣਾਇਆ ਜਾਵੇਗਾ ਉਹਨਾਂ ਫਿਰੋਜ਼ਪੁਰ ਵਿੱਚ ਹੋਣ ਵਾਲੀ ਰੈਲੀ ਬਾਰੇ ਤਿਆਰੀਆਂ ਸੰਬੰਧੀ ਵਰਕਰਾਂ ਨਾਲ ਵਿਚਾਰ ਵਟਾਂਦਰਾ ਉਪਰੰਤ ਕਿਹਾ ਕਿ ਸ਼੍ਰੀ ਮੋਦੀ ਜੀ ਦੀ ਵਿਸ਼ਾਲ ਰੈਲੀ ਲੋਕ ਵੱਧ ਚੜ੍ਹ ਕੇ ਭਾਗ ਲੈਣਗੇ ਰਾਣੀ ਜੀ ਨੇ ਕਿਹਾ ਕਿ ਇਸ ਰੈਲੀ ਨੂੰ ਲੈਕੇ ਪੰਜਾਬ ਲੋਕ ਕਾਂਗਰਸ , ਭਾਜਪਾ,ਸੰਯੁਕਤ ਅਕਾਲੀ ਦਲ ਦੇ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਕਿਸਾਨਾਂ, ਵਪਾਰੀਆਂ, ਸਰਕਾਰੀ ਮੁਲਾਜ਼ਮਾਂ ਅਤੇ ਆਮ ਲੋਕਾਂ ਨੂੰ ਬਹੁਤ ਉਮੀਦਾਂ ਹਨ ਉਹਨਾਂ ਰੈਲੀ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ

# ਗੀਤਕਾਰ ਰਾਜੂ ਨਾਹਰ ਵੱਲੋਂ ਲਿਖਿਆ ਗਾਇਕ ਸੁਖਵੀਰ ਕਰਮਾ ਦਾ ਸੁਪਰ ਹਿੱਟ ਭਜਨ, ਜੈਕਾਰੇ' ਹੋਇਆ ਰਿਲੀਜ

**ਚੰਡੀਗੜ/ਪ੍ਰੀਤਮ ਲੁਧਿਆਣਵੀ**

ਨਵੇਂ ਸਾਲ ਦੀ ਆਮਦ ਦੇ ਸਵਾਗਤ ਵਿੱਚ ਗਾਇਕ ਸੁਖਵੀਰ ਕਰਮਾ ਵੱਲੋਂ ਬਹੁਤ ਹੀ ਰੂਹ, ਲਗਨ, ਰੀਝ ਤੇ ਮਿਹਨਤ ਨਾਲ ਤਿਆਰ ਕੀਤਾ ਪੌਣਾਹਾਰੀ ਬਾਬਾ ਬਾਲਕ ਨਾਥ ਜੀ ਦਾ ਭਜਨ, 'ਜੈਕਾਰੇ' ਪੌਣਾਂਹਾਰੀ ਦੇ ਭਗਤਾਂ ਦੀ ਝੋਲੀ ਪਾਇਆ ਗਿਆ ਹੈ। ਜਿਸ ਨੂੰ ਕਲਮਬੱਧ ਕੀਤਾ ਹੈ ਗੀਤਕਾਰ ਰਾਜੂ ਨਾਹਰ ਨੇ ਅਤੇ ਇਸ ਨੂੰ ਲਾ-ਜੁਵਾਬ ਸੰਗੀਤ ਧੁਨਾਂ ਵਿਚ ਪ੍ਰੋਇਆ ਹੈ ਤਜ਼ਰਬੇਕਾਰ ਸੰਗੀਤਕਾਰ ਫੋਕ ਟੇਪ ਸਟੂਡੀਓ ਨੇ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੀਤਕਾਰ ਰਾਜੂ ਨਾਹਰ ਨੇ ਦੱਸਿਆ ਕਿ ਇਸ ਗੀਤ ਨੂੰ ਜੀ ਡੀ ਪ੍ਰੋਡਕਸ਼ਨ ਅਤੇ ਗੁਰਜੰਟ ਸਿੰਘ ਜੰਟਾ ਵੱਲੋਂ ਪੇਸ਼ ਕੀਤਾ ਗਿਆ ਹੈ। ਉਮੀਦ ਕੀਤੀ ਜਾਂਦੀ ਹੈ ਕਿ ਜਿੱਥੇ ਰਾਜੂ ਨਾਹਰ ਦੇ ਲਿਖੇ ਅਨੇਕਾਂ ਭਜਨ- ਭੇਟਾਂ ਪਹਿਲਾਂ ਮਾਰਕੀਟ ਵਿਚ ਹਿੱਟ ਹੋਏ ਹਨ ਉਸੇ ਤਰਾਂ ਇਹ ਭਜਨ ਵੀ ਬਾਬਾ ਜੀ ਦੇ ਭਗਤ ਪਿਆਰਿਆਂ ਨੂੰ ਜ਼ਰੂਰ ਪਸੰਦ ਆਵੇਗਾ ਤੇ ਪੂਰੀ ਟੀਮ ਦੀ ਲਾਜ਼ ਰੱਖਣ ਲਈ ਪੌਣਾਹਾਰੀ ਬਾਬਾ ਬਾਲਕ ਨਾਥ ਜੀ ਖੁਦ ਸਹਾਈ ਹੋਣਗੇ।



# ਸੀਨੀਅਰ ਕਾਂਗਰਸੀ ਆਗੂ ਜੋਗਿੰਦਰ ਮਾਨ ਨੇ ਨਵਜੋਤ ਸਿੱਧੂ ਨੂੰ ਘੇਰਿਆ



**ਫਗਵਾੜਾ/ਲੋਕ ਬਾਣੀ**

ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸਨ ਦੇ ਚੇਅਰਮੈਨ ਅਤੇ ਪੰਜਾਬ ਦੇ ਸਾਬਕਾ ਮੰਤਰੀ ਸ੍ਰੀ ਜੋਗਿੰਦਰ ਸਿੰਘ ਮਾਨ ਨੇ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਦਾ 'ਪੰਜਾਬ ਮਾਡਲ' ਗਰੀਬਾਂ ਅਤੇ ਦੱਬੇ-ਕੁਚਲੇ ਵਰਗਾਂ ਦੀ ਭਲਾਈ ਦਾ ਪੈਸਾ ਹੜੱਪਣ ਵਾਲੇ ਭ੍ਰਿਸਟ ਸਿਆਸਤਦਾਨਾਂ ਦੀ ਸਰਪ੍ਰਸਤੀ ਕਰੇਗਾ?

ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ੍ਰੀ ਮਾਨ ਨੇ ਹੈਰਾਨੀ ਜਾਹਰ ਕੀਤੀ ਕਿ 'ਸਵੈ-ਘੋਸਤਿ ਆਦਰਸਵਾਦੀ' ਨਵਜੋਤ ਸਿੱਧੂ ਇੱਕ ਅਜਿਹੇ ਵਿਅਕਤੀ ਨਾਲ ਸਟੇਜ ਕਿਵੇਂ ਸਾਂਝੀ ਕਰ ਸਕਦਾ ਹੈ, ਜਿਸ ਨੂੰ ਰਾਜ ਸਰਕਾਰ ਦੇ ਇੱਕ ਸਭ ਤੋਂ ਸੀਨੀਅਰ ਅਧਿਕਾਰੀ ਵੱਲੋਂ ਪੋਸਟ ਮੈਟ੍ਰਿਕ ਸਕਾਲਰਸਪਿ ਸਕੀਮ ਲਈ ਪੈਸੇ ਦੇ ਗਬਨ ਕਰਨ ਦਾ ਦੋਸੀ ਠਹਿਰਾਇਆ ਗਿਆ ਹੈ। ਉਨ੍ਹਾਂ ਸਿੱਧੂ ਨੂੰ ਯਾਦ ਦਿਵਾਇਆ ਕਿ ਇਸ ਗਬਨ ਕਾਰਨ ਐਸ ਸੀ ਭਾਈਚਾਰੇ ਦੇ ਕਈ ਹੋਣਹਾਰ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਵੱਡੀ ਸਰਮਨਾਕ ਗੱਲ ਕੀ ਹੋ ਸਕਦੀ ਹੈ ਕਿ ਇਸ ਘਿਨਾਉਣੇ ਅਪਰਾਧ ਨੂੰ ਅੰਜਾਮ ਦੇਣ ਵਾਲੇ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਸੂਬਾ ਕਾਂਗਰਸ ਪ੍ਰਧਾਨ ਅਜਿਹੇ ਵਿਅਕਤੀਆਂ ਨੂੰ ਸਹਿ ਦੇ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਹ ਦਰਸਾਉਂਦਾ ਹੈ ਕਿ ਸੂਬਾ ਕਾਂਗਰਸ ਪ੍ਰਧਾਨ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਪ੍ਰਤੀ ਗੈਰ-ਸੰਵੇਦਨਸੀਲ ਹੈ। ਉਨ੍ਹਾਂ ਕਿਹਾ ਕਿ ਸੂਬਾ ਕਾਂਗਰਸ ਪ੍ਰਧਾਨ ਦੇ ਇਸ ਗਲਤ ਕਦਮ ਨੇ ਹਰ ਆਮ ਆਦਮੀ, ਖਾਸ ਕਰਕੇ, ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਸਿੱਧੂ ਨੂੰ ਕਿਸੇ ਅਜਿਹੇ ਵਿਅਕਤੀ ਨਾਲ ਸਟੇਜ ਸਾਂਝੀ ਕਰਕੇ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਐਸ ਸੀ ਭਾਈਚਾਰੇ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਜੋ ਸਮੁੱਚੇ ਭਾਈਚਾਰੇ ਅਤੇ ਕਾਂਗਰਸ ਪਾਰਟੀ ਦੇ ਹਿੱਤਾਂ ਦਾ ਵਿਰੋਧੀ ਹੈ। ਉਨ੍ਹਾਂ ਸਪੱਸਟ ਕਿਹਾ ਕਿ ਸੂਬਾ ਕਾਂਗਰਸ ਪ੍ਰਧਾਨ ਦੀ ਅੱਜ ਦੀ ਕਾਰਵਾਈ ਕਾਂਗਰਸ ਪਾਰਟੀ ਦੇ ਤਾਬੂਤ ਵਿੱਚ ਆਖਰੀ ਕਿੱਲ ਵਾਂਗ ਕੰਮ ਕਰੇਗੀ ਕਿਉਂਕਿ ਪ੍ਰਦੇਸ ਪ੍ਰਧਾਨ ਦੀਆਂ ਗਲਤ ਕਾਰਵਾਈਆਂ ਇਸ ਨੂੰ ਪੂਰੇ ਸੂਬੇ ਵਿੱਚੋਂ ਬਾਹਰ ਕਰ ਦੇਣਗੀਆਂ। ਉਨ੍ਹਾਂ ਕਿਹਾ ਕਿ ਸਿੱਧੂ ਅਜਿਹੀਆਂ ਕਾਰਵਾਈਆਂ ਕਰਕੇ ਅੱਗ ਨਾਲ ਖੇਡ ਰਿਹਾ ਹੈ ਅਤੇ ਉਸ ਦੀ ਆਪਣੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰਨ ਦੀ ਕੋਸਸਿ ਕਰਨ ਵਾਲਿਆਂ ਨੂੰ ਬਚਾਉਣ ਲਈ, ਅਨੁਸੂਚਿਤ ਜਾਤੀ ਭਾਈਚਾਰਾ ਉਸ ਨੂੰ ਕਦੇ ਮੁਆਫ ਨਹੀਂ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਇਹ ਮਾਮਲਾ ਕਾਂਗਰਸ ਹਾਈਕਮਾਨ ਦੇ ਸਾਹਮਣੇ ਉਠਾਉਣਗੇ ਅਤੇ ਇਸ ਨਾ ਪੂਰੇ ਜਾ ਸਕਣ ਵਾਲੇ ਨੁਕਸਾਨ ਨੂੰ ਰੋਕਣ ਲਈ, ਆਲ੍ਹਾ-ਕਮਾਨ ਦੇ ਦਖਲ ਦੀ ਮੰਗ ਕਰਨਗੇ।

# ਸ਼ਹੀਦ ਯੋਧਾ ਰਾਮ ਸਿੰਘ ਪਠਾਨੀਆ ਦੀ ਯਾਦ ਵਿੱਚ ਸ਼ਾਹਪੁਰਕੰਡੀ ਵਿੱਖੇ ਕੱਢੀ ਗਈ ਵਿਸ਼ਾਲ ਤਿਰੰਗਾ ਯਾਤਰਾ



**ਪਠਾਨਕੋਟ /ਧਾਰ ਕਲਾਂ/ਰਜਨੀਸ਼ ਕਾਲੂ**

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜਾਂ ਨਾਲ ਲੋਹਾ ਲੈਂਦੇ ਹੋਏ ਕਈ ਯੋਧਿਆਂ ਆਪਣੀਆਂ ਸ਼ਹੀਦੀਆਂ ਦਿੱਤੀਆਂ ਸੀ । ਜਿਨ੍ਹਾਂ ਵਿੱਚੋਂ ਕਈ ਯੋਧਿਆਂ ਦਾ ਨਾਮ ਤਾਂ ਇਤਿਹਾਸ ਵਿੱਚ ਬਹੁਤ ਮਸ਼ਹੂਰ ਰਿਹਾ ਹੈ । ਪਰ ਕਈ ਯੋਧਿਆਂ ਦੇ ਨਾਮ ਅੱਜ ਵੀ ਗੁੰਮਨਾਮੀ ਦੇ ਵਿੱਚ ਹਨ । ਜਿਨ੍ਹਾਂ ਦਾ ਨਾਮ ਆਪਣੇ ਇਲਾਕੇ ਦੇ ਲੋਕਾਂ ਤੋਂ ਇਲਾਵਾ ਬਾਹਰ ਬਹੁਤ ਘੱਟ ਲੋਕ ਜਾਣਦੇ ਹਨ । ਇਨ੍ਹਾਂ ਵਿੱਚੋਂ ਇੱਕ ਯੋਧਾ ਹਨ ਸ਼ਹੀਦ ਰਾਮ ਸਿੰਘ ਪਠਾਨੀਆ । ਜਿਨ੍ਹਾਂ ਨੇ ਅੰਗਰੇਜ਼ਾਂ ਨਾਲ ਲੋਹਾ ਲੈਂਦੇ ਹੋਏ ਆਪਣੀ ਜਾਨ ਕੁਰਬਾਨ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਸੀ । ਸ਼ਹੀਦ ਰਾਮ ਸਿੰਘ ਪਠਾਨੀਆ ਦੇ ਇਤਿਹਾਸ ਨਾਲ ਸਬੰਧਿਤ ਧਾਰ ਬਲਾਕ ਵਿੱਚ ਕਈ ਸਥਾਨ ਹਨ ਪਰ ਸਰਕਾਰਾਂ ਦਾ ਉਸ ਵੱਲ ਕੋਈ ਵੀ ਧਿਆਨ ਨਹੀਂ ਜਾ ਰਿਹਾ । ਮਹਾਨ ਯੋਧੇ ਸ਼ਹੀਦ ਰਾਮ ਸਿੰਘ ਪਠਾਨੀਆ ਨੂੰ ਯਾਦ ਕਰਦੇ ਹੋਏ ਅੱਜ ਪਠਾਨੀਆ ਵੰਸ ਦੇ ਨੇਤਾ ਬਲਕਾਰ ਪਠਾਨੀਆ ਦੀ ਅਗਵਾਈ ਹੇਠ ਸ਼ਾਹਪੁਰਕੰਢੀ ਵਿਖੇ ਇੱਕ ਵਿਸ਼ਾਲ ਤਿਰੰਗਾ ਯਾਤਰਾ ਕੱਢੀ ਗਈ । ਜਿਸ ਵਿੱਚ ਨੌਜਵਾਨਾਂ ਦੇ ਨਾਲ ਨਾਲ ਇਲਾਕੇ ਦੇ ਹੋਰ ਬਹੁਤ ਸਾਰੇ ਲੋਕਾਂ ਨੇ ਹਿੱਸਾ ਲਿਆ । ਇਹ ਤਿਰੰਗਾ ਯਾਤਰਾ ਸਲਾਰੀਆ ਪੈਟਰੋਲ ਪੰਪ ਤੋਂ ਸੁਰੂ ਹੋ ਕੇ ਸ਼ਾਹਪੁਰਕੰਡੀ ਵਿਖੇ ਹੁੰਦੀ ਹੋਈ ਕਟੇਰਾ ਚੌਕ ਵਿੱਚ ਸਮਾਪਤ ਹੋਈ । ਇਸ ਤਿਰੰਗਾ ਯਾਤਰਾ ਨੂੰ ਸੰਬੋਧਿਤ ਕਰਦੇ ਹੋਏ ਨੇਤਾ ਬਲਕਾਰ ਪਠਾਨੀਆਂ ਨੇ ਜਿੱਥੇ ਸ਼ਹੀਦ ਰਾਮ ਸਿੰਘ ਪਠਾਨੀਆ ਦੇ ਜੀਵਨ ਬਾਰੇ ਲੋਕਾਂ ਨੂੰ ਦੱਸਿਆ । ਉਥੇ ਹੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਅਪੀਲ ਕੀਤੀ ਕਿ ਕਟੇਰਾ ਚੌਕ ਵਿੱਚ ਸ਼ਹੀਦ ਰਾਮ ਸਿੰਘ ਪਠਾਨੀਆ ਦੀ ਇੱਕ ਪ੍ਰਤਿਮਾ ਬਣਾਈ ਜਾਵੇ। ਅਤੇ ਇਤਿਹਾਸ ਵਿੱਚ ਸ਼ਹੀਦ ਰਾਮ ਸਿੰਘ ਪਠਾਨੀਆ ਦਾ ਨਾਮ ਦਰਜ ਕਰਦੇ ਹੋਏ ਇਲਾਕੇ ਵਿੱਚ ਰਾਮ ਸਿੰਘ ਪਠਾਣੀਆ ਦੇ ਇਤਿਹਾਸ ਨਾਲ ਸਬੰਧਿਤ ਸਾਰੇ ਸਥਾਨਾਂ ਨੂੰ ਉਸਾਰਿਆ ਜਾਵੇ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸ਼ਹੀਦ ਰਾਮ ਸਿੰਘ ਪਠਾਨੀਆ ਦੇ ਬਲੀਦਾਨ ਤੋਂ ਪ੍ਰੇਰਨਾ ਮਿਲਦੀ ਰਹੇ ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਖੁਸ਼ੀ 'ਚ ਕੱਢੇ ਨਗਰ ਕੀਰਤਨ ਲਈ ਲਗਾਇਆ ਲੰਗਰ



**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਸਥਾਨਕ ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਦੇ ਸਬੰਧ 'ਚ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਦੇ ਅੱਜ ਪਹਿਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ, ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਦੌਰਾਨ ਜਿੱਥੇ ਸ਼ਹਿਰ ਦੇ ਵੱਖ ਵੱਖ ਚੌਕਾਂ ਵਿੱਚ ਨਗਰ ਕੀਰਤਨ ਦਾ ਫੁੱਲਾਂ ਨਾਲ ਸਵਾਗਤ ਕੀਤਾ ਗਿਆ ਉੱਥੇ ਹੀ ਜੌਹਲਾਂ ਰੋਡ ਤੇ ਵੀ ਐੱਨਐੱਸਯੂਆਈ ਦੇ ਹਲਕਾ ਪ੍ਰਧਾਨ ਜੱਗਾ ਗਿੱਲ ਦੀ ਅਗਵਾਈ ਹੇਠ ਨਗਰ ਕੀਰਤਨ ਨਾਲ ਆਈਆਂ ਸੰਗਤਾਂ ਲਈ ਚਾਹ,ਬਰੈਡ ਤੇ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਰਵਿੰਦਰ ਸਿੰਘ ਗਿੱਲ,ਜੋਰਾ ਸਿੰਘ ਗਿੱਲ, ਗੁਰਮੇਲ ਸਿੰਘ ਫੌਜੀ,ਜਸਮੇਲ ਸਿੰਘ ਗਿੱਲ,ਪਰਮਜੀਤ ਸਿੰਘ ਪੰਮਾ,ਚਰਨ ਸਿੰਘ ਗਿੱਲ, ਜਸਵਿੰਦਰ ਸਿੰਘ,ਅਮਨਦੀਪ ਸਿੰਘ ਮਾਂਗਟ,ਗੁਰਵਿੰਦਰ ਸਿੰਘ ਗਿੱਲ, ਛਿੰਦਾ ਮਿਸਤਰੀ ਤੇ ਅਵਤਾਰ ਸਿੰਘ ਗਿੱਲ ਤੋਂ ਇਲਾਵਾ ਹੋਰ ਵੀ ਸੰਗਤ ਹਾਜ਼ਰ ਸੀ।

# ਕੱਲ ਤੋਂ ਸ਼ੁਰੂ ਹੋਣ ਵਾਲੀਆਂ ਜ਼ਿਲ੍ਹਾ ਅਦਾਲਤਾਂ ਤੋਂ ਪਹਿਲਾਂ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਲਿਆ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ



**ਲੁਧਿਆਣਾ/ਕਰਨ ਅਗਰਵਾਲ**

ਜ਼ਿਲ੍ਹਾ ਅਦਾਲਤਾਂ ਦੇ ਭਲਕੇ ਖੁੱਲ੍ਹਣ ਤੋਂ ਪਹਿਲਾਂ ਲੁਧਿਆਣਾ ਪੁਲਿਸ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਅੱਜ ਸਥਾਨਕ ਜ਼ਿਲ੍ਹਾ ਕਚਹਿਰੀ ਕੰਪਲੈਕਸ ਵਿਖੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦੇ ਨਾਲ ਸੀਨੀਅਰ ਪੁਲਿਸ ਅਤੇ ਨਿਆਂਇਕ ਅਧਿਕਾਰੀ ਵੀ ਮੌਜੂਦ ਸਨ। ਸ. ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਜ਼ਿਲ੍ਹਾ ਕਚਹਿਰੀ ਕੰਪਲੈਕਸ ਲੁਧਿਆਣਾ ਵਿਖੇ ਹਾਲ ਹੀ ਵਿੱਚ ਹੋਏ ਧਮਾਕੇ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੰਪਲੈਕਸ ਵਿੱਚ ਕਈ ਐਂਟਰੀ ਪੁਆਇੰਟ ਹਨ, ਇਸ ਲਈ ਹਰ ਪੁਆਇੰਟ ਦੀ ਸਮੀਖਿਆ ਕੀਤੀ ਗਈ, ਇਸ ਤੋਂ ਇਲਾਵਾ ਬੇਲੋੜੇ ਪੁਆਇੰਟਾਂ ਨੂੰ ਬੰਦ ਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਲੁਧਿਆਣਾ ਵਾਸੀਆਂ, ਵਕੀਲਾਂ ਅਤੇ ਨਿਆਂਇਕ ਅਧਿਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਪੁਲਿਸ ਨਾ ਸਿਰਫ਼ ਜ਼ਿਲ੍ਹਾ ਕਚਹਿਰੀ ਕੰਪਲੈਕਸ ਲੁਧਿਆਣਾ ਬਲਕਿ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਸਾਰੇ ਖੇਤਰਾਂ ਦੀ ਸੁਰੱਖਿਆ 'ਤੇ ਪੂਰੀ ਤਰ੍ਹਾਂ ਨਜ਼ਰ ਰੱਖ ਰਹੀ ਹੈ।

■ ਕਿਹਾ ! ਸਾਰੇ ਐਂਟਰੀ ਪੁਆਇੰਟਾਂ ਦੀ ਕੀਤੀ ਗਈ ਸਮੀਖਿਆ, ਬੇਲੋੜੇ ਪੁਆਇੰਟਾਂ ਨੂੰ ਕੀਤਾ ਗਿਆ ਬੰਦ

# ਭਖਦੇ ਕਿਸਾਨ ਮੁੱਦਿਆਂ ਉੱਪਰ ਸੰਘਰਸ਼ਾਂ ਤੇ ਧਿਆਨ ਕੇਂਦਰਿਤ ਰੱਖਣਾ ਚਾਹੀਦਾ ਸੱਦਾ : ਜਥੇਦਾਰ ਪੱਟੀ

**ਤਰਨਤਾਰਨ /ਰਵੀ ਕਰਨ**



ਪੰਜਾਬ ਦੀਆਂ ਕੁੱਝ ਕਿਸਾਨ ਜਥੇਬੰਦੀਆਂ ਵੱਲੋਂ ਚੋਣਾਂ ਲੜਨ ਦੇ ਫੈਸਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਕਿਹਾ ਹੈ ਕਿ ਸੰਘਰਸਸੀਲ ਕਿਸਾਨ ਜਥੇਬੰਦੀਆਂ ਨੂੰ ਹਾਕਮਾਂ ਦੀ ਵੋਟ ਸਿਆਸਤ 'ਚ ਉਲਝਣ ਦੀ ਥਾਂ ਕਿਸਾਨ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ 'ਤੇ ਧਿਆਨ ਕੇਂਦਰਤ ਰੱਖਣਾ ਚਾਹੀਦਾ ਹੈ। ਜਥੇਬੰਦੀ ਦੇ ਆਗੂ ਗੁਰਬਾਜ ਸਿੰਘ ਸਿਧਾਵਾਂ ਪ੍ਰਧਾਨ ਜਿਲ੍ਹਾ ਤਰਨਤਾਰਨ ਅਤੇ ਆਗੂ ਦਲੇਰ ਸਿੰਘ ਅਤੇ ਹਰਦੀਪ ਸਿੰਘ ਨੇ ਕਿਹਾ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਕਿਸਾਨ ਸੰਘਰਸ਼ ਨੇ ਵੀ ਇਹ ਸਾਬਤ ਕੀਤਾ ਹੈ ਕਿ ਕਿਸਾਨ ਹੱਕਾਂ ਤੇ ਹਿੱਤਾਂ ਦੀ ਰਾਖੀ ਪਾਰਲੀਮੈਂਟ ਜਾਂ ਵਿਧਾਨ ਸਭਾਵਾਂ 'ਚ ਬੈਠ ਕੇ ਨਹੀਂ ਹੁੰਦੀ ਸਗੋਂ ਉਸ ਦੇ ਮੁਕਾਬਲੇ ਸੜਕਾਂ 'ਤੇ ਸੰਘਰਸ਼ ਕਰਕੇ ਹੋਈ ਹੈ। ਉਨ੍ਹਾਂ ਕਿਹਾ ਕਿ ਅਜੇ ਸਿਰਫ ਖੇਤੀ ਕਾਨੂੰਨ ਵਾਪਸ ਹੋਏ ਹਨ ਜਦ ਕਿ ਐੱਮ ਐੱਸ ਪੀ ਅਤੇ ਕਰਜਾ ਮੁਕਤੀ ਸਮੇਤ ਬਹੁਤ ਵੱਡੇ ਵੱਡੇ ਮਸਲੇ ਅਜੇ ਸਿਰ 'ਤੇ ਖੜ੍ਹੇ ਹਨ। ਇਨ੍ਹਾਂ ਮਸਲਿਆਂ ਦੇ ਹੱਲ ਲਈ ਕਿਸਾਨਾਂ ਦੀ ਟੇਕ ਹਮੇਸਾ ਸੰਘਰਸ਼ਾਂ 'ਤੇ ਰਹਿਣੀ ਚਾਹੀਦੀ ਹੈ। ਕਿਸਾਨ ਲਹਿਰ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਮੌਜੂਦ ਹਨ ਤੇ ਕਿਸਾਨ ਆਗੂਆਂ ਨੂੰ ਇਨ੍ਹਾਂ ਚੁਣੌਤੀਆਂ ਦੇ ਟਾਕਰੇ ਲਈ ਸੰਘਰਸ਼ਾਂ ਨੂੰ ਹੋਰ ਵਿਸ਼ਾਲ ਅਤੇ ਮਜਬੂਤ ਕਰਨ 'ਤੇ ਹੀ ਆਪਣਾ ਸਾਰਾ ਧਿਆਨ ਕੇਂਦਰਤ ਰੱਖਣਾ ਚਾਹੀਦਾ ਹੈ। ਇਸ ਮੌਕੇ ਸੀਨੀਅਰ ਆਗੂ ਪ੍ਰੈਸ ਸਕੱਤਰ ਸੰਤੋਖ ਸਿੰਘ ਪੱਟੀ ਅਤੇ ਸੀਨੀਅਰ ਆਗੂ ਡਾਕਟਰ ਸਤਨਾਮ ਸਿੰਘ ਹਰੀਕੇ ਪੱਤਣ ਨੇ ਆਪਣੀ ਟੀਮ ਸਮੇਤ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਨਵੇਂ ਸਾਲ 2022 ਤੋਂ ਕਿਸਾਨ ਮਜਦੂਰ ਸੰਘਰਸ ਕਮੇਟੀ ਨੂੰ ਸਦਾ ਲਈ ਅਲਵਿਦਾ ਕਹਿ ਦਿੱਤਾ ਹੈ ਅਤੇ 10 ਪਿੰਡਾਂ ਸਮੇਤ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਸੇਵਾ ਵਿੱਚ ਸਾਮਿਲ ਹੋਏ ਜਿਸ ਵਿੱਚ ਪੱਟੀ ਬਲਾਕ ਦੇ ਪਿੰਡ ਹਰੀਕੇ , ਫੁੱਲਾਂ ਵਾਲੀ, ਘੜੂੰਮ ਕੁੱਤੀਵਾਲਾ, ਬੂਹ ਪਿੰਡ, ਬੂਹ ਹਵੇਲੀਆਂ, ਕੀੜਿਆਂ ਪੱਟੀ ਆਦਿ ਸਾਮਲ ਹੋਏ।

ਇਸ ਮੌਕੇ ਕਿਸਾਨ ਆਗੂ ਮੇਹਰ ਸਿੰਘ ਸਖੀਰਾ ਅਤੇ ਦੇਸਾ ਸਿੰਘ ਘੜਿਆਲਾਂ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਦੀ ਪੁਜ਼ੀਸ਼ਨ ਬਹੁਤ ਸਪਸ਼ਟ ਹੈ ਕਿ ਉਹ ਨਾ ਤਾਂ ਚੋਣਾਂ 'ਚ ਖੁਦ ਹਿੱਸਾ ਲਵੇਗੀ ਤੇ ਨਾ ਹੀ ਕਿਸੇ ਪਾਰਟੀ ਦੀ ਹਮਾਇਤ ਕਰੇਗੀ। ਚੋਣਾਂ ਦੇ ਬਾਈਕਾਟ ਦਾ ਵੀ ਕੋਈ ਸੱਦਾ ਨਹੀਂ ਹੈ। ਅਸੀਂ ਮੌਜੂਦਾ ਚੋਣ-ਸਿਆਸਤ ਨੂੰ ਲੋਕਾਂ ਲਈ ਇੱਕ ਭਟਕਾਊ ਸਰਗਰਮੀ ਸਮਝਦੇ ਹਾਂ। ਇਸ ਲਈ ਚੋਣਾਂ ਦੌਰਾਨ ਕਿਸਾਨਾਂ ਨੂੰ ਆਪਣੀ ਏਕਤਾ ਕਾਇਮ ਰੱਖਣ ਦਾ ਸੁਨੇਹਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਕਿਸਾਨਾਂ ਦੇ ਨਾਲ ਨਾਲ ਸਮੂਹ ਕਿਰਤੀ ਲੋਕਾਂ ਦੇ ਅਹਿਮ ਤੇ ਬੁਨਿਆਦੀ ਮਸਲਿਆਂ ਨੂੰ ਉਭਾਰਿਆ ਜਾਵੇਗਾ ਅਤੇ ਇਨ੍ਹਾਂ ਮਸਲਿਆਂ ਦੀ ਪ੍ਰਾਪਤੀ ਲਈ ਲੋਕਾਂ ਨੂੰ ਸੰਘਰਸ਼ਾਂ 'ਤੇ ਟੇਕ ਰੱਖਣ ਦਾ ਹੋਕਾ ਦਿੱਤਾ ਜਾਵੇਗਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕਿਸਾਨ ਜਥੇਬੰਦੀਆਂ ਦੀ ਏਕਤਾ ਨੂੰ ਬਣਾਈ ਰੱਖਣ ਲਈ ਹਮੇਸ਼ਾਂ ਯਤਨਸ਼ੀਲ ਰਹਿਣਗੇ। ਚੋਣਾਂ 'ਚ ਜਾਣ ਵਾਲੀਆਂ ਜਥੇਬੰਦੀਆਂ ਪ੍ਰਤੀ ਰਵੱਈਏ ਨੂੰ ਵੀ ਉਨ੍ਹਾਂ ਜਥੇਬੰਦੀਆਂ ਦੇ ਕਿਸਾਨ ਹਿਤਾਂ ਨਾਲ ਅਮਲੀ ਸਰੋਕਾਰਾਂ ਦੇ ਆਧਾਰ 'ਤੇ ਤੈਅ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਖਲਿਾਫ ਸੰਘਰਸ਼ 'ਚੋਂ ਉੱਭਰੇ ਮੁਲਕ ਪੱਧਰੇ ਸੰਯੁਕਤ ਕਿਸਾਨ ਮੋਰਚੇ ਦੀ ਪੁਜੀਸਨ ਹੈ ਕਿ ਮੋਰਚਾ ਚੋਣਾਂ 'ਚ ਕਿਸੇ ਤਰ੍ਹਾਂ ਭਾਗ ਨਹੀਂ ਲਵੇਗਾ। ਇਸ ਲਈ ਇਹ ਫੈਸਲਾ ਚੋਣਾਂ 'ਚ ਜਾਣ ਵਾਲੀਆਂ ਜਥੇਬੰਦੀਆਂ ਦਾ ਆਪਣਾ ਫੈਸਲਾ ਹੈ। ਇਹ ਸੰਯੁਕਤ ਕਿਸਾਨ ਮੋਰਚੇ ਦਾ ਫੈਸਲਾ ਨਹੀਂ ਹੈ।

ਕਿਸਾਨ ਆਗੂ ਭੁਪਿੰਦਰ ਸਿੰਘ ਠੱਠੀਆਂ ਜਸਬੀਰ ਸਿੰਘ ਬੂਹ ਹਵੇਲੀਆਂ ਆਤਮਾ ਸਿੰਘ ਫੁੱਲਾਂਵਾਲੀ ਹਰਦੇਵ ਸਿੰਘ ਬੂਹ ਗੁਰਮੇਲ ਸਿੰਘ ਬੂਹ ਦਰਸਨ ਸਿੰਘ ਬੂਹ ਹਵੇਲੀਆਂ ਰਾਜਪੈਦਰ ਸਿੰਘ ਹਰੀਕੇ ਸੋਨਾ ਸਿੰਘ ਬਲਦੇਵ ਸਿੰਘ ਘੜੂੰਮ ਨਿਸਾਨ ਸਿੰਘ ਹਰੀਕੇ ਰਣਜੀਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਵਾਉਣ ਅਤੇ ਕਰਜਾ ਮੁਕਤੀ ਵਰਗੀਆਂ ਹੋਰ ਭਖਦੀਆਂ ਅਹਿਮ ਮੰਗਾਂ ਮੰਨਵਾਉਣ ਲਈ ਜਥੇਬੰਦੀ ਵੱਲੋਂ 15 ਜਿਲ੍ਹਿਆਂ ਵਿੱਚ ਡੀ ਸੀ ਦਫਤਰਾਂ ਜਾਂ ਐੱਸ ਡੀ ਐੱਮ ਦਫਤਰਾਂ ਅੱਗੇ ਪੱਕੇ ਵਿਸਾਲ ਮੋਰਚੇ ਦਿਨ ਰਾਤ ਲਗਾਤਾਰ ਜਾਰੀ ਹਨ।

## ਥਾਣਾ ਰਾਹੋ ਵਲੋ 30 ਗ੍ਰਾਮ ਹੀਰੋਇੰਨ ਸਮੇਤ ਅਰੋਪੀ ਗ੍ਰਿਫਤਾਰ : ਥਾਣਾ ਮੁੱਖੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਇਹ ਮੁਕੱਦਮਾ ਏ ਐਸ ਆਈ ਜਸਵਿੰਦਰ ਪਾਲ ਵਲੋ ਦਰਜ ਰਜਿਸਟਰ ਕਰਵਾਇਆ ਗਿਆ ਕਿ ਜਦੋਂ ਸਮੇਤ ਸਾਥੀ ਕਰਮਚਾਰੀਆਂ ਦੇ ਫਿਲੋਰ ਚੋਂਕ ਰਾਹੋਂ ਮੌਜੂਦ ਸੀ ਤਾਂ ਇਕ ਕਾਰ ਸਵਿਫਟ ਰੰਗ ਚਿੱਟਾ ਨੰਬਰ -32--3336 ਫਿਲੋਰ ਵੱਲੋਂ ਆਉਦੀ ਦਿਖਾਈ ਦਿੱਤੀ ਜਿਸ ਦੇ ਚਾਲਕ ਨੇ ਇਕ ਮੋਮੀ ਲਿਫਾਫਾ ਪੁਲਿਸ ਪਾਰਟੀ ਨੂੰ ਦੇਖ ਕੇ ਕਾਰ ਦੇ ਬਾਹਰ ਸੁੱਟ ਦਿੱਤਾ ਜਿਸ ਤੇ ਕਾਰ ਚਾਲਕ ਹਰਨਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਰਾਏਪੁਰ ਡੱਬਾ ਥਾਂਣਾ ਮੁਕੰਦਪੁਰ ਨੂੰ ਕਾਬੂ ਕਰਕੇ ਮੌਕਾ ਤੇ ਸਮਰੱਥ ਅਧਿਕਾਰੀ ਐਸ ਆਈ ਸੁਰਿੰਦਰ ਸਿੰਘ ਨੰਬਰ ਬੁਲਾਇਆ ਗਿਆ। ਮੋਮੀ ਲਿਫਾਫਾ ਦੀ ਤਲਾਸ਼ੀ ਕਰਨ ਤੇ 30 ਗ੍ਰਾਮ ਹੈਰੋਇਨ ਬਰਾਮਦ ਹੋਈ।ਜਿਸ ਤੇ ਐਸ ਆਈ ਸੁਰਿੰਦਰ ਸਿੰਘ ਨਗਰ ਵਲੋ ਮੁਕੱਦਮਾ ਦਰਜ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿੱਚ ਲਿਆਦੀ। ਦੋਸ਼ੀ ਗ੍ਰਿਫਤਾਰ ਹੈ।

## ਵਿਆਹੁੱਤਾ ਇਸਤਰੀ ਤੇ ਸਾਹੁੱਰਾ ਪਰਿਵਾਰ ਦੇ ਖਿਲਾਫ ਦਾਜ ਦਹੇਜ਼ ਦੀ ਮੰਗ ਤੰਗ ਅੱਤਿਆਚਾਰ ਕਰਨ ਅਤੇ ਛੇੜ ਛਾੜ ਕਰਨ ਦਾ ਮਾਮਲਾ ਦਰਜ:ਥਾਣਾ ਮੁੱਖੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਇਹ ਮੁਕੱਦਮਾ ਬਰ ਦਰਖਾਸਤ ਨੰਬਰ 1855- ਮਿਤੀ 30-08-2021 ਦਫਤਰ ਸੀਨੀਅਰ ਪੁਲਿਸ ਕਪਤਾਨ ਸਹੀਦ ਭਗਤ ਸਿੰਘ ਨਗਰ ਬਰਖਿਲਾਫ 1.ਪਰਮਜੀਤ ਸਿੰਘ ਪੁੱਤਰ ਸਾਧੂ ਸਿੰਘ2. ਕੁਲਵੀਰ ਕੌਰ ਪਤਨੀ ਸਾਧੂ ਸਿੰਘ3.ਮਨਦੀਪ ਕੌਰ ਪੁੱਤਰੀ ਸਾਧੂ ਸਿੰਘ 4.ਸਰਬਜੀਤ ਸਿੰਘ ਪੁੱਤਰ ਸਾਧੂ ਸਿੰਘ 5.ਸਾਧੂ ਸਿੰਘ ਪੁੱਤਰ ਗੰਗਾ ਸਿੰਘ ਵਾਸੀਆਨ 744,ਸੈਕਟਰ 80,ਮੌਹਾਲੀ ਐਸ.ਏ.ਐਸ ਨਗਰ ਬਾਬਤ ਦਾਜ ਦਹੇਜ ਲਈ ਤੰਗ ਪਰੇਸਾਨ ਕਰਨ ਸਬੰਧੀ ਅਤੇ ਸਹੁਰਾ ਸਾਧੂ ਸਿੰਘ ਤੇ ਦਿਉਰ ਸਰਬਜੀਤ ਸਿੰਘ ਵੱਲੋ ਜਿਸਮਾਨੀ ਛੇੜਛਾੜ ਕਰਨ ਅਤੇ ਅਸ਼ਲੀਲ ਹਰਕਤਾਂ ਕਰਨ ਸਬੰਧੀ ਦਰਜ ਰਜਿਸਟਰ ਕੀਤਾ ਗਿਆ ਜਿਸ ਦੀ ਮੁਢਲੀ ਤਫਤੀਸ ਏ.ਐਸ ਆਈ ਜਸਵਿੰਦਰ ਸਿੰਘ ਵੱਲੋ ਅਮਲ ਵਿੱਚ ਲਿਆਦੀ ਜਾ ਰਹੀ ਹੈ।

## ਲੁਧਿਆਣਾ ਕੇਂਦਰੀ ਦੇ ਵਿਧਾਇਕ ਸੁਰਿੰਦਰ ਡਾਵਰ ਨੇ 'ਹਰ ਘਰ ਪੱਕੀ ਛੱਤ' ਮੁਹਿੰਮ ਅਧੀਨ ਵੰਡੇ ਚੈੱਕ



**ਲੁਧਿਆਣਾ/ਕਰਨ ਅਗਰਵਾਲ**

ਲੁਧਿਆਣਾ ਸੈਂਟਰਲ ਵਿੱਚ ਹਰ ਘਰ ਨੂੰ ਪੱਕੀ ਛੱਤ ਮੁਹੱਈਆ ਕਰਵਾਉਣ ਲਈ ਆਪਣੀ 'ਹਰ ਘਰ ਪੱਕੀ ਛੱਤ' ਮੁਹਿੰਮ ਨੂੰ ਜਾਰੀ ਰੱਖਦਿਆਂ ਲੁਧਿਆਣਾ ਸੈਂਟਰਲ ਤੋਂ ਵਿਧਾਇਕ ਸੁਰਿੰਦਰ ਡਾਵਰ ਨੇ ਕਈ ਥਾਵਾਂ 'ਤੇ 12 12 ਹਜਾਰ ਰੁਪਏ ਦੇ ਚੈੱਕ ਵੰਡੇ। ਉਨ੍ਹਾਂ ਨੇ ਲਗਭਗ 1000 ਚੈੱਕ ਵਾਰਡ ਨੰਬਰ 61, ਵਾਰਡ ਨੰਬਰ 8, ਵਾਰਡ ਨੰਬਰ 20, ਵਾਰਡ ਨੰਬਰ 59 ਸਮੇਤ ਹੋਰ ਥਾਵਾਂ 'ਤੇ ਵੰਡੇ।

ਇਨ੍ਹਾਂ ਵਾਰਡਾਂ ਦੀਆਂ ਕਈ ਔਰਤਾਂ ਜੋ ਇਹ ਚੈੱਕ ਪ੍ਰਾਪਤ ਕਰਨ ਲਈ ਆਈਆਂ ਸਨ, ਨੇ ਗ੍ਰਾਂਟ ਪ੍ਰਾਪਤ ਕਰਨ 'ਤੇ ਧੰਨਵਾਦ ਅਤੇ ਰਾਹਤ ਦਾ ਪ੍ਰਗਟਾਵਾ ਕੀਤਾ।

ਸ੍ਰੀ ਡਾਵਰ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਲੁਧਿਆਣਾ ਸੈਂਟਰਲ ਵਿੱਚ ਕਈ ਪਰਿਵਾਰ ਦਹਾਕਿਆਂ ਤੋਂ ਲੀਕ ਹੋ ਰਹੀਆਂ ਛੱਤਾਂ ਦੀ ਮੁਰੰਮਤ ਨਾ ਹੋਣ ਕਾਰਨ ਦੁੱਖੀ ਹਨ ਉਹਨਾ ਨੂੰ ਇਹ ਯਕੀਨ ਦਿੱਤਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਮੁਰੰਮਤ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਮਕਸਦ ਲਈ ਆਪਣੇ ਹਲਕੇ ਲਈ ਪੰਜ ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਕੀਤੀ ਹੈ, ਜਿਸ ਨਾਲ ਸੈਂਕੜੇ ਪਰਿਵਾਰਾਂ ਨੂੰ ਆਪਣੇ ਘਰਾਂ ਦੀ ਮੁਰੰਮਤ ਕਰਵਾਉਣ ਦੇ ਨਾਲ-ਨਾਲ ਮੌਸਮ ਦੀ ਖਰਾਬੀ ਅਤੇ ਬਰਸਾਤ ਦੌਰਾਨ ਛੱਤਾਂ ਲੀਕ ਹੋਣ ਤੋਂ ਰਾਹਤ ਮਿਲ ਰਹੀ ਹੈ।

ਇਸ ਮੌਕੇ ਉਹਨਾ ਨਾਲ ਵਿੱਕੀ ਡਾਵਰ, ਸਮਾ, ਮੁਕੇਸ, ਵਿਜੇ, ਵਿਪਨ ਅਰੋੜਾ ਬਲਾਕ ਪਰਦਾਨ, ਕੁਲਦੀਪ ਕੁੱਕੂ ਅਜਾਇਬ ਸਿੰਘ, ਰੌਣਕੀ ਰਾਮ, ਚੰਚਲ ਸਿੰਘ, ਹੈਪੀ, ਸਾਹਿਲ, ਕੌਂਸਲਰ ਨਵਨੀਤ ਘਾਇਲ, ਹਰਪਾਲ ਸਿੰਘ ਵਿਰਕ, ਹਰਜੀਤ ਸਿੰਘ, ਗੁਲਸਨ, ਨਾਗਮੰਤਰਵਨਿਰਮਪਾਲ, ਸਨੀਹਰਮਨਪਾਲਲਾਲ ਚੰਦ, ਪੱਪੂ, ਲਕਸਮੀ ਨਾਥ ਗੁਪਤਾ ਜੀ, ਸੁਖ ਦੇਵ ਗੁਪਤਾ, ਰਾਮ ਲਾਲ ਮੌਜੂਦ ਸਨ।

## ਡਿਪਟੀ ਕਮਿਸ਼ਨਰ ਨੇ ਪੰਜਾਬ ਇਨਫੋਟੈਕ ਦੇ ਚੇਅਰਮੈਨ ਹਰਪ੍ਰੀਤ ਸੰਧੂ ਵੱਲੋਂ ਤਿਆਰ ਕੀਤਾ ਕੈਲੰਡਰ-2022 'ਬਲਿਹਾਰੀ ਕੁਦਰਤਿ ਵਸਿਆ' ਕੀਤਾ ਜਾਰੀ

**ਲੁਧਿਆਣਾ/ਕਰਨ ਅਗਰਵਾਲ**



ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਅੱਜ ਸਰਾਭਾ ਨਗਰ ਗੁਰਦੁਆਰਾ ਸਾਹਿਬ ਵਿਖੇ ਚੇਅਰਮੈਨ ਪੰਜਾਬ ਆਰਟਸ ਕੌਂਸਲ ਪਦਮ ਸ਼੍ਰੀ ਡਾ. ਸੁਰਜੀਤ ਪਾਤਰ ਅਤੇ ਉੱਘੇ ਅਰਥ ਸ਼ਾਸਤਰੀ, ਚਾਂਸਲਰ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਪਦਮ ਭੂਸ਼ਣ ਡਾ.ਐਸ.ਐਸ. ਜੋਹਲ ਦੀ ਹਾਜ਼ਰੀ ਵਿੱਚ ਪੰਜਾਬ ਇਨਫੋਟੈਕ ਦੇ ਚੇਅਰਮੈਨ ਸ੍ਰੀ ਹਰਪ੍ਰੀਤ ਸੰਧੂ ਵੱਲੋਂ ਤਿਆਰ ਕੀਤਾ ਗਿਆ "ਬਲਿਹਾਰੀ ਕੁਦਰਤਿ ਵਸਿਆ" ਵਿਸ਼ੇ 'ਤੇ ਅਧਾਰਿਤ ਕੈਲੰਡਰ 2022 ਜਾਰੀ ਕੀਤਾ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਕੈਲੰਡਰ ਜਾਰੀ ਕਰਨ ਉਪਰੰਤ ਦੱਸਿਆ ਕਿ ਹਰਪ੍ਰੀਤ ਸੰਧੂ ਵੱਲੋਂ ਤਿਆਰ ਕੀਤਾ ਗਿਆ ਇਹ ਕੈਲੰਡਰ ਅਸਲ ਵਿੱਚ ਕਲਾ ਦਾ ਇੱਕ ਨਿਵੇਕਲਾ ਨਮੂਨਾ ਹੈ ਜੋ ਗੁਰਬਾਣੀ ਦੀ ਬਾਣੀ ਵਿੱਚ ਦਰਜ ਕੁਦਰਤ ਦੇ ਸੰਕਲਪ ਨੂੰ ਦਰਸਾਉਂਦਾ ਹੈ ਕਿ ਪਵਨ ਗੁਰੂ ਹੈ, ਪਾਣੀ ਪਿਤਾ ਅਤੇ ਧਰਤੀ ਮਾਂ ਹੈ। ਇਸ ਲਈ ਸਾਨੂੰ ਯਾਦ ਦਿਵਾਉਂਦੇ ਹੋਏ ਕਿ ਸਾਨੂੰ ਸਾਰਿਆਂ ਨੂੰ ਕੁਦਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਆਪਣੇ ਸਿਰਜਣਹਾਰ ਨਾਲ ਜੁੜੇ ਰਹਿਣਾ ਚਾਹੀਦਾ ਹੈ। ਉਨ੍ਹਾਂ ਹਰਪ੍ਰੀਤ ਸੰਧੂ ਦੁਆਰਾ ਸ਼ੁਰੂ ਕੀਤੇ ਸੰਕਲਪ ਦੀ ਸ਼ਲਾਘਾ ਕੀਤੀ। ਕਲਾ ਪ੍ਰੀਸ਼ਦ ਦੇ ਚੇਅਰਮੈਨ ਡਾ.ਸੁਰਜੀਤ ਪਾਤਰ ਨੇ ਪੰਜਾਬ ਇਨਫੋਟੈਕ ਦੇ ਚੇਅਰਮੈਨ ਹਰਪ੍ਰੀਤ ਸੰਧੂ ਵੱਲੋਂ ਕੁਦਰਤ ਦੀ ਕਦਰ ਕਰਨ ਅਤੇ ਕੁਦਰਤ ਨੂੰ ਨੇੜਿਓਂ ਦੇਖਣ ਦੇ ਸੁਨੇਹੇ ਨੂੰ ਉਜਾਗਰ ਕਰਨ ਲਈ ਇੱਕ ਸੁੰਦਰ ਕੈਲੰਡਰ ਤਿਆਰ ਕਰਨ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ। ਕਲਾਤਮਕ ਫੋਟੋਗ੍ਰਾਫੀ ਇੱਕ ਕੀਮਤੀ ਪਲ ਨੂੰ ਮਹਿਸੂਸ ਕਰਨ, ਛੋਹਣ, ਪਿਆਰ ਕਰਨ ਅਤੇ ਹਮੇਸ਼ਾ ਲਈ ਯਾਦ ਕਰਨ ਦਾ ਇੱਕ ਤਰੀਕਾ ਹੈ, ਹਰਪ੍ਰੀਤ ਸੰਧੂ ਨੇ ਯਾਤਰੀਆਂ ਅਤੇ ਖੋਜੀਆਂ ਲਈ ਕੁਦਰਤੀ ਸਹਿਜਤਾ ਦੇ ਦੁਰਲੱਭ ਸੁਆਦਾਂ ਦੀ ਸੇਵਾ ਕੀਤੀ ਹੈ।

ਡਾ.ਐਸ.ਐਸ.ਜੌਹਲ, ਚਾਂਸਲਰ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਨੇ ਵੀ ਚੇਅਰਮੈਨ ਇਨਫੋਟੈਕ ਹਰਪ੍ਰੀਤ ਸੰਧੂ ਵੱਲੋਂ ਤਿਆਰ ਕੀਤੇ ਇਸ ਕੈਲੰਡਰ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਕੈਲੰਡਰ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਕੁਦਰਤ ਦੀ ਕਦਰ ਕਰਨ ਲਈ ਉਤਸ਼ਾਹਿਤ ਕਰੇਗਾ।

ਪੰਜਾਬ ਇਨਫੋਟੈਕ ਦੇ ਚੇਅਰਮੈਨ ਹਰਪ੍ਰੀਤ ਸੰਧੂ ਦੁਆਰਾ ਤਿਆਰ ਕੀਤਾ ਗਿਆ ਕੈਲੰਡਰ 'ਬਲਿਹਾਰੀ ਕੁਦਰਤਿ ਵਸਿਆ' ਸਾਲ ਦੇ ਹਰ ਮਹੀਨੇ ਗੁਰਬਾਣੀ ਨੂੰ ਮਿਲਾ ਕੇ ਕੁਦਰਤ ਦੀ ਸੁੰਦਰਤਾ ਦੇ ਸੁੰਦਰ ਨਜ਼ਾਰਿਆਂ ਨੂੰ ਜੀਵੰਤ ਕਰਦਾ ਹੈ। ਹਰਪ੍ਰੀਤ ਸੰਧੂ ਨੇ ਕੈਲੰਡਰ ਨੂੰ ਜਾਰੀ ਕਰਨ ਦੌਰਾਨ ਕਿਹਾ ਕਿ ਮੈਂ ਇਸ ਨੇਕ ਕਾਰਜ ਨੂੰ ਸ਼ੁਰੂ ਕਰਨ ਅਤੇ ਇਸ ਨੂੰ ਪੂਰਾ ਕਰਨ ਦਾ ਬੱਲ ਬਖਸ਼ਣ ਲਈ ਪ੍ਰਮਾਤਮਾ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਦੇ ਉੱਦਮਾਂ ਲਈ ਮੇਰਾ ਮਾਰਗ ਦਰਸ਼ਨ ਬਣਿਆ ਰਹੇ। ਇਹ ਕੈਲੰਡਰ ਉੱਘੀਆਂ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਜਾਰੀ ਕੀਤਾ ਜਿਸ ਵਿੱਚ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ-ਚੇਅਰਮੈਨ ਲੋਕ ਅਦਾਲਤ ਬੀ.ਐਸ.ਸੰਧੂ, ਵਾਈ.ਐਸ. ਹੇਅਰ, ਆਈ.ਜੀ. ਪੰਜਾਬ ਪੁਲਿਸ, ਗੁਰਪ੍ਰੀਤ ਤੂਰ, ਆਈ.ਜੀ. ਪੰਜਾਬ ਪੁਲਿਸ, ਰੁਪਿੰਦਰ ਸਿੰਘ ਐਸ.ਐਸ.ਪੀ. ਵਿਜੀਲੈਂਸ, ਸਾਬਕਾ ਆਈ.ਏ.ਐਸ. ਗੁਰਲਵਲੀਨ ਸਿੱਧੂ, ਰਮਿੰਦਰ ਸਿੰਘ, ਪ੍ਰਨੀਤ ਸਚਦੇਵ, ਚੀਫ਼ ਕਮਿਸ਼ਨਰ, ਇਨਕਮ ਟੈਕਸ, ਲੁਧਿਆਣਾ, ਉੱਘੇ ਫਲੋਰੀਕਲਚਰਿਸਟ ਅਵਤਾਰ ਢੀਂਡਸਾ, ਪ੍ਰੋ: ਗੁਰਭਜਨ ਗਿੱਲ, ਸ਼ਹਿਰ ਦੇ ਉੱਘੇ ਡਾਕਟਰ ਡਾ. ਗੁਰਪ੍ਰੀਤ ਵਾਂਡਰ, ਡਾ. ਬਲਦੇਵ ਔਲਖ, ਡਾ. ਵਿਵੇਕ ਸੱਗੜ, ਡਾ. ਅਰੁਣ ਥਾਪਰ, ਸ੍ਰੀ ਟੀ.ਪੀ.ਐਸ. ਸੰਧੂ ਪ੍ਰਸਿੱਧ ਫੋਟੋ ਆਰਟਿਸਟ, ਸਾਬਕਾ ਅਸਟੇਟ ਅਫਸਰ ਪੀ.ਏ.ਯੂ. ਸ੍ਰੀ ਟੀ.ਐਸ.ਸੰਧੂ ਅਤੇ ਲੁਧਿਆਣਾ ਦੀਆਂ ਹੋਰ ਕਈ ਉੱਘੀਆਂ ਸ਼ਖਸੀਅਤਾਂ ਸ਼ਾਮਲ ਸਨ।

# ਅੱਧੀ ਅਧੂਰੀ ਬਣਾਈ ਸੜਕ ਬਣ ਰਹੀ ਹੈ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ

## ਸੜਕ ਪੂਰੀ ਨਾ ਕੀਤੀ ਤਾਂ ਲਗਾਇਆ ਜਾਵੇਗਾ ਪੱਕਾ ਧਰਨਾ : ਜੌਹਲ



**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਨੇੜਲੇ ਪਿੰਡ ਜਲਾਲਦੀਵਾਲ ਵਿਖੇ ਮੁੱਖ ਸੜਕ ਤੋਂ ਪਿੰਡ ਨੂੰ ਜਾਂਦੀ ਸੜਕ ਦੀ ਉਸਾਰੀ ਨਾਂ ਹੋਣ ਕਾਰਨ ਉੱਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਬਲਾਕ ਰਾਏਕੋਟ ਦੇ ਮੀਤ ਪ੍ਰਧਾਨ ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਲੁਧਿਆਣਾ-ਬਠਿੰਡਾ ਰਾਜਮਾਰਗ ਤੋਂ ਪਿੰਡ ਨੂੰ ਜਾਂਦੀ ਇਸ ਸੜਕ ਦੀ ਉਸਾਰੀ ਪੰਜਾਬ ਮੰਡੀ ਬੋਰਡ ਵਲੋਂ ਸ਼ੁਰੂ ਕੀਤੀ ਗਈ ਸੀ, ਪ੍ਰੰਤੂ ਅੱਧੀ ਅਧੂਰੀ ਸੜਕ ਬਣਾਉਣ ਤੋਂ ਬਾਅਦ ਵਿਭਾਗ ਵਲੋਂ ਕੰਮ ਬੰਦ ਕਰ ਦਿੱਤਾ ਗਿਆ ਹੈ, ਜਿਸ ਕਾਰਨ ਸੜਕ ’ਤੇ ਕਈ ਥਾਵਾਂ ’ਤੇ ਪਾਏ ਹੋਏ ਪੱਥਰ ਉੱਖੜਨੇ ਸ਼ੁਰੂ ਹੋ ਗਏ ਹਨ, ਜੋ ਕਿਸੇ ਦੁਰਘਟਨਾਂ ਦਾ ਕਾਰਨ ਵੀ ਬਣ ਸਕਦ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਕਈ ਵਾਰ ਸਬੰਧਿਤ ਮਹਿਕਮੇ ਦੇ ਅਧਿਕਾਰੀਆਂ ਤੋਂ ਇਲਾਵਾ ਐਸਡੀਐਮ ਰਾਏਕੋਟ ਨੂੰ ਮਿਲ ਕੇ ਸੜਕ ਤੇ ਲੁੱਕ ਪਾਉਣ ਦੀ ਬੇਨਤੀ ਕੀਤੀ ਗਈ ਹੈ, ਪਰ ਹੁਣ ਤੱਕ ਇਹ ਸੜਕ ਮੁਕੰਮਲ ਤੌਰ ਤੇ ਨਹੀ ਬਣ ਸਕੀ ਹੈ। ਪ੍ਰਧਾਨ ਜੌਹਲ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਵੀ ਉਹ ਸੜਕ ਤੇ ਲੁੱਕ ਪਾਉਣ ਨੂੰ ਲੈ ਕੇ ਐਸਡੀਐਮ ਰਾਏਕੋਟ ਨੂੰ ਮਿਲੇ ਸਨ। ਜਿੰਨਾਂ ਨੇ ਉਨ੍ਹਾਂ ਨੂੰ ਦੋ-ਤਿੰਨ ਵਿੱਚ ਸੜਕ ਤੇ ਲੁੱਕ ਪਾਉਣ ਦਾ ਭਰੋਸਾ ਦਿੱਤਾ ਹੈ। ਮੀਤ ਪ੍ਰਧਾਨ ਜੌਹਲ ਨੇ ਕਿਹਾ ਕਿ ਜੇਕਰ 5 ਜਨਵਰੀ ਤੱਕ ਸੜਕ ਤੇ ਲੁੱਕ ਪਾ ਕੇ ਪੂਰਾ ਨਾ ਕੀਤਾ ਗਿਆ ਤਾਂ ਉਹ ਬਰਨਾਲਾ ਚੌਂਕ ਰਾਏਕੋਟ ਵਿਖੇ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਅਗਵਾਈ ਵਿਚ ਪੱਕਾ ਧਰਨਾ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਜਿੰਮੇਵਾਰ ਪ੍ਰਸ਼ਾਸਨ ਹੋਵੇਗਾ। ਇਸ ਮੌਕੇ ਸੂਬੇਦਾਰ ਬਲਵਿੰਦਰ ਸਿੰਘ, ਇਕਬਾਲ ਸਿੰਘ, ਸੂਬੇਦਾਰ ਰੂਪ ਸਿੰਘ, ਸੇਠੀ ਸੋਖਲ, ਤੇਜਿੰਦਰ ਸਿੰਘ ਜੌਹਲ, ਚਰਨ ਸਿੰਘ ਸੋਖਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ। ਇਸ ਸਬੰਧੀ ਜਦੋਂ ਐੱਸਡੀਐਮ ਰਾਏਕੋਟ ਗੁਰਬੀਰ ਸਿੰਘ ਕੋਹਲੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੜਕ ਤੇ ਲੁੱਕ ਪਾਉਣ ਤੇ ਪਿੰਡ ਜਲਾਲਦੀਵਾਲ ਦੇ ਕੁਝ ਲੋਕ ਇਤਰਾਜ ਕਰ ਰਹੇ ਸਨ, ਜਿਸ ਕਾਰਨ ਲੁੱਕ ਪਾਉਣ ਦੇ ਕੰਮ ਨੂੰ ਵਿਚਕਾਰ ਰੋਕ ਦਿੱਤਾ ਗਿਆ ਸੀ, ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਮੰਡੀ ਬੋਰਡ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਗਈ ਹੈ , ਇਸ ਸੜਕ ਤੇ ਕੁਝ ਦਿਨਾਂ ਤੱਕ ਲੁੱਕ ਪਾ ਦਿੱਤੀ ਜਾਵੇਗੀ।

# ਐੱਨ.ਐੱਚ.ਐੱਮ. ਦੇ ਕਰਮਚਾਰੀਆਂ ਨੇ ਪੰਜਾਬ ਸਰਕਾਰ ਦੇ ਫੋਕੇ ਵਾਅਦਿਆਂ ਦੀ ਪੰਡ ਫੂਕੀ



**ਬੁਢਲਾਡਾ/ਲੋਕ ਬਾਣੀ**

ਸਥਾਨਕ ਸਿਵਲ ਹਸਪਤਾਲ ਵਿਖੇ ਐੱਨ.ਐੱਚ.ਐੱਮ. ਕਰਮਚਾਰੀਆਂ ਵਲੋਂ ਆਪਣੀਆਂ ਹੱਕੀ ਮੰਗਾ ਨੂੰ ਲੈ ਕੇ ਕੀਤੀ ਅਣਮਿੱਥੇ ਸਮੇਂ ਲਈ ਹੜਤਾਲ 47ਵੇਂ ਦਿਨ ਵੀ ਜਾਰੀ ਰੱਖ ਕੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਵਾਅਦਿਆਂ ਦੀ ਪੰਡ ਦੀ ਅਰਥੀ ਫੂਕੀ . ਵੱਖ-ਵੱਖ ਸਿਹਤ ਕਰਮਚਾਰੀਆਂ ਨੇ ਕਿਹਾ ਕਿ ਸਰਕਾਰ ਵਲੋਂ ਸਿਹਤ ਵਿਭਾਗ ਵਿਚ ਕੰਮ ਕਰਦੇ 12000 ਦੇ ਕਰੀਬ ਕਰਮਚਾਰੀਆਂ ਨੂੰ ਠੇਕੇ ‘ਤੇ ਭਰਤੀ ਕਰ ਕੇ ਸਿਹਤ ਵਿਭਾਗ ਦੀਆਂ ਐਮਰਜੈਂਸੀ ਸੇਵਾਵਾਂ ਲਈਆ ਜਾ ਰਹੀਆ ਹਨ ਪ੍ਰੰਤੂ ਸਰਕਾਰ ਕਰਮਚਾਰੀਆਂ ਦੀਆਂ ਜਾਇਜ ਤੇ ਹੱਕੀ ਮੰਗਾਂ ਮੰਨਣ ਤੋਂ ਭੱਜ ਰਹੀ ਹੈ . ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਬਰਾਬਰ ਕੰਮ ਬਰਾਬਰ ਤਨਖਾਹ ਦਾ ਫਾਰਮੂਲਾ ਕਰਮਚਾਰੀਆਂ ‘ਤੇ ਲਾਗੂ ਨਹੀਂ ਕਰਦੀ ਤਾਂ ਸੰਘਰਸ ਹੋਰ ਤਿੱਖਾ ਕੀਤਾ ਜਾਵੇਗਾ . ਇਸ ਮੌਕੇ ਵੀਰਪਾਲ ਕੌਰ, ਜਗਦੇਵ ਸਿੰਘ, ਡਾ. ਵਿਸਵਜੀਤ, ਅਰਸਦੀਪ ਸਿੰਘ, ਅਮਰਜੀਤ ਸਿੰਘ, ਮਨਦੀਪ ਕੌਰ ਖ਼ਿਆਲਾ, ਅਮਨਦੀਪ ਸਿੰਘ, ਛਿੰਦਰਪਾਲ ਕੌਰ, ਜਸਪ੍ਰੀਤ ਸਿੰਘ, ਸਵਿੰਦਰ ਕੌਰ, ਗੁਰਸੇਵਕ ਸਿੰਘ, ਅਵਿਨਾਸ ਚੁੱਘ, ਰਾਮ ਕੁਮਾਰ, ਮਨਪ੍ਰੀਤ ਕੌਰ, ਅਮਰਜੀਤ ਕੌਰ ਆਦਿ ਹਾਜਰ ਸਨ।

# ਗੌਰਮਿਟ ਕਾਲਜ ਗੁਰਦਾਸਪੁਰ ’ਚ 38+ ਦਾ ਕ੍ਰਿਕਟ ਮੁਕਾਬਲਾ ਕਰਵਾਇਆ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਅੱਜ ਗੌਰਮਿਟ ਕਾਲਜ ਗੁਰਦਾਸਪੁਰ ਚ 38+ ਦੇ ਖਿਡਾਰੀਆਂ ਦਾ ਕ੍ਰਿਕਟ ਮੁਕਾਬਲਾ ਕਰਵਾਇਆ ਗਿਆ । ਜਿਸ ਵਿੱਚ ਦੋ ਟੀਮਾਂ ਨੇ ਭਾਗ ਲਿਆ , ਪਹਿਲੀ ਟੀਮ ਪਵਨ ਦੀ ਸੀ ,ਦੂਸਰੀ ਟੀਮ ਲਾਲੀ ਦੀ ਸੀ । ਪਹਿਲਾ ਬੈਟਿੰਗ ਪਵਨ ਦੀ ਟੀਮ ਨੇ ਕੀਤੀ ,ਪਵਨ ਦੀ ਟੀਮ ਨੇ 180 ਸਕੋਰ ਬਣਾਏ , ਦੂਸਰੀ ਪਾਰੀ ਵਿੱਚ ਲਾਲੀ ਦੀ ਟੀਮ ਨੇ 180 ਸਕੋਰ ਬਣਾਏ ਤੇ ਆਲ ਆਉਟ ਹੋ ਗਏ । ਇਸ ਮੈਚ ਵਿੱਚ ਦੱਤਾ ਮੈਨ ਆਫ ਦੀ ਮੈਚ ਰਹੇ ,ਜਿਹਨਾ 75 ਸਕੋਰ ਬਣਾਏ । ਇਸ ਸਮੇਂ ਖਿਡਾਰੀ ਪਵਨ, ਲਾਲੀ ,ਪ੍ਰਮੋਦ,ਸੋਨੀ, ਡੋਗਰਾ. ਨਵਦੀਪ, ਜੋਤੀ,ਬੱਬੂ,ਘੁੱਗੀ ,ਰਾਮੀ, ਰਿੰਕੂ, ਵਾਲੀਆ, ਕਰਨ,ਪਰਵੇਸ,ਵਿਸਾਲ, ਵਿਪਨ, ਦੱਤਾ, ਡਾ ਖੇਹੜਾ ,ਮੋਨੂੰ,ਬਿੱਟਾ, ਗਗਨ, ਡਾ ਚੰਦਨ ਆਦਿ ਹਾਜ਼ਰ ਸਨ ।



# ਹੁਸ਼ਿਆਰਪੁਰ ਦੀ ਖੁਸ਼ਹਾਲੀ ਅਤੇ ਸਮਾਜਿਕ ਸੇਵਾ ’ਚ ਅਗਰਵਾਲ ਸਮਾਜ ਦਾ ਅਹਿਮ ਯੋਗਦਾਨ : ਸੁੰਦਰ ਸ਼ਾਮ ਅਰੋੜਾ

**ਹੁਸ਼ਿਆਰਪੁਰ/ਲੋਕ ਬਾਣੀ**

ਵਿਧਾਇਕ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਹੁਸ਼ਿਆਰਪੁਰ ਦੀ ਖੁਸ਼ਹਾਲੀ ਅਤੇ ਸਮਾਜਿਕ ਸੇਵਾ ਵਿਚ ਅਗਰਵਾਲ ਸਮਾਜ ਦਾ ਬਹੁਤ ਵੱਡਾ ਯੋਗਦਾਨ ਹੈ। ਉਹ ਅਗਰਵਾਲ ਸਭਾ ਨੂੰ 10 ਲੱਖ ਰੁਪਏ ਦਾ ਚੈਕ ਸੌਂਪਣ ਦੌਰਾਨ ਸੰਬੋਧਨ ਕਰ ਰਹੇ ਸਨ। ਵਿਧਾਇਕ ਨੇ ਕਿਹਾ ਕਿ ਸਮਾਜਿਕ ਸੰਗਠਨਾਂ ਨੇ ਹੁਸ਼ਿਆਰਪੁਰ ਵਿਚ ਜ਼ਰੂਰਤਮੰਦਾਂ ਦੀ ਸੇਵਾ ਕਰਕੇ ਹਰ ਸਮੇਂ ਪ੍ਰਸ਼ਾਸਨ ਨੂੰ ਸਹਿਯੋਗ ਦਿੱਤਾ ਹੈ। ਕੋਵਿਡ-19 ਦੇ ਮੁਸ਼ਕਲ ਦੌਰ ਵਿਚ ਇਨ੍ਹਾਂ ਸੰਗਠਨਾਂ ਨੇ ਪ੍ਰਸ਼ੰਸਾਯੋਗ ਕਾਰਜ ਕੀਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਮੇਸ਼ਾਂ ਸਮਾਜਿਕ ਸੰਗਠਨਾਂ ਦੀ ਹੌਂਸਲਾ ਅਫਜਾਈ ਕੀਤੀ ਹੈ ਅਤੇ ਭਵਿੱਖ ਵਿਚ ਵੀ ਇਹ ਸਹਿਯੋਗ ਜਾਰੀ ਰਹੇਗਾ। ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬਿਨ੍ਹਾਂ ਕਿਸੇ ਭੇਦਭਾਵ ਵਿਕਾਸ ਕੰਮ ਕਰਵਾਏ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਹ ਕੰਮ ਇਸੇ ਤਰ੍ਹਾਂ ਚਲਦੇ ਰਹਿਣਗੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੇ ਚੱਲਦਿਆਂ ਸੂਬੇ ਵਿਚ ਇਸ ਦੀ ਇਕ ਵੱਖਰੀ ਪਹਿਚਾਣ ਬਣ ਗਈ ਹੈ, ਜਿਸ ਦਾ ਸਿਹਰਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਜਾਂਦਾ ਹੈ, ਜਿਨ੍ਹਾਂ ਹੁਸ਼ਿਆਰਪੁਰ ਦੀ ਹਰ ਜ਼ਰੂਰਤ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕੀਤਾ ਹੈ। ਇਸ ਮੌਕੇ ਲਾਲਾ ਮੁਨੀ ਲਾਲ, ਸੁਰਿੰਦਰ ਅਗਰਵਾਲ, ਜਗਦੀਸ਼ ਅਗਰਵਾਲ, ਤਿਲਕ ਰਾਜ ਗੁਪਤਾ, ਰਾਜੀਵ ਸਿੰਗਲਾ, ਵਿਜੇਸ਼ ਅਗਰਵਾਲ, ਸੇਠ ਨਵਦੀਪ ਅਗਰਵਾਲ, ਮਨਮੋਹਨ ਸਿੰਘ ਕਪੂਰ, ਰਾਘਵ ਅਗਰਵਾਲ, ਕੇਸ਼ਵ ਅਗਰਵਾਲ, ਗੋਪਾਲ ਅਗਰਵਾਲ, ਓਮੇਸ਼ ਗੁਪਤਾ, ਬਿਪਨ ਗੁਪਤਾ, ਪ੍ਰਦੀਪ ਅਗਰਵਾਲ, ਨਵੀਨ ਅਗਰਵਾਲ, ਵਰਿੰਦਰ ਗੁਪਤਾ, ਮਹਿੰਦਰ ਪਾਲ ਗੁਪਤਾ, ਵਿਕਾਸ ਅਗਰਵਾਲ, ਵਿਜੇ ਕੁਮਾਰ ਅਗਰਵਾਲ, ਅਮਨ ਗੁਪਤਾ ਆਦਿ ਵੀ ਮੌਜੂਦ ਸਨ।

# ਕਿਰਤੀ ਕਿਸਾਨ ਯੂਨੀਅਨ ਆਪਣੇ ਉਮੀਦਵਾਰ ਵੋਟਾਂ ਵਿੱਚ ਖੜੇ ਨਹੀ ਕਰੇਗੀ : ਤਰਸੇਮ ਬੰਨੇਮਲ



**ਕਪੂਰਥਲਾ/ਲੋਕ ਬਾਣੀ**

ਤਰਸੇਮ ਸਿੰਘ ਬੰਨੇਮਲ ਜ਼ਿਲਾ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਨੇ ਦੱਸਿਆ ਕਿ ਕਿਰਤੀ ਕਿਸਾਨ ਯੂਨੀਅਨ ਦੀ ਸੂਬਾ ਕਮੇਟੀ ਵਿੱਚ ਫੈਸਲਾ ਕੀਤਾ ਗਿਆ ਕਿ ਵਿਧਾਨ ਸਭਾ ਚੋਣਾਂ ਵਿੱਚ ਕਿਰਤੀ ਕਿਸਾਨ ਯੂਨੀਅਨ ਆਪਣੇ ਉਮੀਦਵਾਰ ਨਾ ਹੀ ਵੋਟਾਂ ਵਿੱਚ ਖੜੇਗੀ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਦਾ ਸਾਥ ਦੇਵੇਗੀ ।ਉਹਨਾ ਕਿਹਾ ਕਿ ਕਿਸਾਨੀ ਮੁੱਦਿਆਂ ਨੂੰ ਲੈ ਕੇ ਆਪਣਾ ਸ਼ੰਘਰਸ਼ ਜਾਰੀ ਰੱਖਿਆ ਜਾਵੇਗਾ। ਉਹਨਾ ਕਿਹਾ ਕਿ ਵੋਟਾਂ ਰਾਂਹੀ ਲੋਕਾਂ ਦੇ ਮਸਲੇ ਹੱਲ ਕੀਤੇ ਨਹੀਂ ਜਾ ਸਕਦੇ , ਲੋਕ ਲੰਬੇ ਸਮੇ ਤੋਂ ਵੋਟਾਂ ਪਾਉਂਦੇ ਆ ਰਹੇ ਹਨ ਅਤੇ ਲੋਕਾਂ ਦੇ ਮਸਲੇ ਜਿਉਂ ਦੇ ਤਿਉਂ ਹੀ ਖੜੇ ਹਨ। ਸਾਰੀਆਂ ਸਿਆਸੀ ਪਾਰਟੀਆਂ ਦੇਸੀ ਅਤੇ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਦਬਾਅ ਦੇ ਹੇਠ ਕੰਮ ਕਰਦੀਆਂ ਹਨ। ਕਿਸੇ ਵੀ ਸਿਆਸੀ ਪਾਰਟੀ ਨੇ ਨਿੱਜੀਕਰਨ ਨੂੰ ਰੋਕਣ ਦੀ ਗੱਲ ਨਹੀਂ ਕੀਤੀ। ਹਰ ਪਾਰਟੀ ਨੇ ਆਪਣੇ ਸਮੇ ਵਿੱਚ ਹੀ ਲਾਗੂ ਕਰਨ ਦੀ ਗੱਲ ਕੀਤੀ ਹੈ। ਜਿਸ ਦੀ ਮਿਸਾਲ ਤਿੰਨ ਖੇਤੀ ਕਾਨੂੰਨਾਂ ਨੂੰ ਮੋਦੀ ਸਰਕਾਰ ਨੇ ਲਾਗੂ ਕਰਨ ਦੀ ਕੋਸਿਸ਼ ਕੀਤੀ ਤੇ ਮੋਦੀ ਸਰਕਾਰ ਨੂੰ ਵੀ ਲੋਕ ਸ਼ੰਘਰਸ਼ ਦੇ ਅੱਗੇ ਗੋਡੇ ਟੇਕਣੇ ਪਏ।

# ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਵਲੋਂ ਅੰਮ੍ਰਿਤਸਰ-ਦਿੱਲੀ ਨੈਸ਼ਨਲ ਹਾਈਵੇ ਜਾਮ ਕਰਕੇ ਲਾਇਆ ਧਰਨਾ

## ➢ ਪੰਜਾਬ ਭਰ ਤੋਂ ਵੱਖ ਵੱਖ ਵਿਭਾਗਾਂ ਦੇ ਠੇਕਾ ਕਾਮੇ ਆਪਣੇ ਪਰਿਵਾਰਾਂ ਅਤੇ ਬੱਚਿਆਂ ਸਣੇ ਪੁੱਜੇ

**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਸਰਕਾਰੀ ਵਿਭਾਗ ਜਿਵੇਂ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ, ਥਰਮਲ ਪਲਾਂਟ ਲਹਿਰਾ ਮੁਹੱਬਤ, ਬਠਿੰਡਾ ਦੇ ਸਰਪਲਸ ਠੇਕਾ ਮੁਲਾਜਮ (ਪੇਸਕੋ) ਅਤੇ ਰੂਪਨਗਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪਾਵਰਕਾਮ ਤੇ ਟ੍ਰਾਂਸਕੋ (ਸੀ.ਐਚ.ਬੀ.), ਵੇਰਕਾ ਮਿਲਕ ਪਲਾਂਟ, ਸਿਹਤ ਵਿਭਾਗ, ਹਾਈਡਲ ਪ੍ਰੋਜੈਕਟਾਂ, ਪੰਜਾਬ ਲੋਕ ਨਿਰਮਾਣ ਵਿਭਾਗ (ਬਿਜਲੀ ਵਿੰਗ), ਬਿਜਲੀ ਗਰਿੱਡਾਂ ਦੇ ਕੱਚੇ ਮੁਲਾਜਮ (ਪੇਸਕੋ), ਡੀਸੀ ਦਫਤਰਾਂ ਦੇ ਠੇਕਾ ਕਾਮੇ, ਫਰਦ ਕੇਂਦਰਾਂ, ਅਦਰਸ਼ ਮਾਡਲ ਸਕੂਲਾਂ, ਮਗਨਰੇਗਾ, 1912 ਅਤੇ ਨੋਡਲ ਸੈਂਟਰ ਸੀ.ਆਰ.ਸੀ. ਪਾਵਰਕਾਮ ਆਦਿ ਵਿਚ ਇਨਲਿਸਟਮੈਂਟ, ਆਊਟਸੋਰਸਡ, ਠੇਕੇਦਾਰਾਂ, ਸੋਸਾਇਟੀਆਂ, ਕੰਪਨੀਆਂ ਅਤੇ ਕੇਂਦਰੀ ਸਕੀਮਾਂ ਅਧੀਨ ਕੰਮ ਕਰਦੇ ਸਮੂਹ ਠੇਕਾ ਮੁਲਾਜਮਾਂ ਨੂੰ ਬਿਨਾਂ ਸ਼ਰਤ ਅਤੇ ਬਿਨਾਂ ਭੇਦਭਾਵ ਦੇ ਨਾਲ ਉਨ੍ਹਾਂ ਦੇ ਪਿੱਤਰੀ ਸਰਕਾਰੀ ਵਿਭਾਗਾਂ ਵਿਚ ਮਰਜ ਕਰਕੇ ਰੈਗੂਲਰ ਕਰਨਾ, ਲੋਕਾਂ ਦੀ ਖੂਨ ਪਸੀਨੇ ਨਾਲ ਬਣਾਏ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ/ਵਪਾਰੀਕਰਨ ਦੀਆਂ ਨੀਤੀਆਂ ਨੂੰ ਰੱਦ ਕਰਨਾ, ਠੇਕਾ ਕਾਮਿਆਂ ਦੇ ਕੱਚੇ ਰੁਜਗਾਰ ਨੂੰ ਪੱਕਾ ਕਰਨਾ, ਬਰਾਬਰ ਕੰਮ ਬਰਾਬਰ ਤਨਖਾਹ ਦਾ ਨਿਯਮ ਲਾਗੂ ਕਰਨਾ ਅਤੇ ਲੇਬਰ ਕਾਨੂੰਨ ਵਿਚ ਕੀਤੀਆਂ ਸੋਧਾਂ ਨੂੰ ਵਾਪਸ ਲੈਣ ਸਮੇਤ "ਮੰਗ ਪੱਤਰ" 'ਚ ਦਰਜ ਮੰਗਾਂ ਦਾ ਹੱਲ ਕਰਵਾਉਣ ਲਈ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਠੇਕਾ ਮੁਲਾਜਮਾਂ ਵਲੋਂ ਪੰਜਾਬ ਸਰਕਾਰ ਵਿਰੁੱਧ ਅੱਜ ਦੁਪਹਿਰੇ 12 ਵਜੇ ਖੰਨਾ ਵਿਖੇ ਅਮ੍ਰਿਤਸਰ- ਦਿੱਲੀ ਨੈਸ਼ਨਲ ਹਾਈ ਜਾਮ ਕੀਤਾ ਗਿਆ। ਜਿਸ ਵਿਚ ਪੰਜਾਬ ਭਰ ਤੋਂ ਉਪਰੋਕਤ ਵਿਭਾਗਾਂ ਦੇ ਠੇਕਾ ਮੁਲਾਜਮ ਆਪਣੇ ਪਰਿਵਾਰਾਂ ਅਤੇ ਬੱਚਿਆਂ ਸਮੇਤ ਹਜਾਰਾਂ ਦੀ ਗਿਣਤੀ ਵਿਚ ਸ਼ਾਮਿਲ ਹੋਏ, ਜਦਕਿ ਇਹ ਕਾਮੇ ਆਪਣੇ ਨਾਲ ਠੰਡ ਦੇ ਬਚਾਅ ਲਈ ਗੱਦੇ, ਰਜਾਈਆ ਅਤੇ ਖਾਣ-ਪੀਣ ਦੀਆਂ ਸਬਜੀਆਂ ਆਦਿ ਸਮਾਨ ਲੈ ਕੇ ਪਹੁੰਚੇ ਹਨ।

> ■ ਹਰੇਕ ਕੈਟਾਗਿਰੀਆਂ ਦੇ ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦੇ ਕੀਤੇ ਵਾਅਦੇ ਨੂੰ ਤੁਰੰਤ ਲਾਗੂ ਕਰਨ ਮੁੱਖ ਮੰਤਰੀ - ਮੋਰਚਾ ਆਗੂ

ਠੇਕਾ ਮੁਲਾਜਮ ਸੰਘਰਸ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪਨੂੰ, ਸ਼ੇਰ ਸਿੰਘ ਖੰਨਾ, ਬਲਿਹਾਰ ਸਿੰਘ ਕਟਾਰੀਆ, ਵਰਿੰਦਰ ਸਿੰਘ ਬੀਬੀਵਾਲ, ਮਹਿੰਦਰ ਸਿੰਘ, ਜਸਪ੍ਰੀਤ ਗਗਨ, ਸੁਰਿੰਦਰ ਸਿੰਘ, ਪਵਨਦੀਪ ਸਿੰਘ, ਸਵਰਨਜੀਤ ਕੌਰ, ਰਮਨਪ੍ਰੀਤ ਕੌਰ ਮਾਨ, ਬਲਜਿੰਦਰ ਸਿੰਘ ਸੋਨੀ ਨੇ ਅੱਜ ਇਥੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਠੇਕਾ ਮੁਲਾਜਮਾਂ ਨਾਲ ਕਾਂਗਰਸ ਨੇ 2017 ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਵਾਅਦਾ ਕੀਤਾ ਸੀ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਸਮੂਹ ਠੇਕਾ ਮੁਲਾਜਮਾਂ ਨੂੰ ਸਬੰਧਤ ਵਿਭਾਗਾਂ ਵਿਚ ਰੈਗੂਲਰ ਕੀਤਾ ਜਾਵੇਗਾ ਪਰ ਤ੍ਰਾਂਸਦੀ ਇਹ ਹੈ ਕਿ ਪਿਛਲੇ 5 ਸਾਲਾਂ ਦੇ ਲੰਬੇ ਸਮੇਂ ਤੋਂ ਉਪਰੋਕਤ ਠੇਕਾ ਮੁਲਾਜਮ ਆਪਣੇ ਪੱਕੇ ਰੁਜਗਾਰ ਦੀ ਮੰਗ ਲਈ ਪੂਰਅਮਨ ਸੰਘਰਸ਼ ਕਰ ਰਹੇ ਹਨ। ਇਸ ਦੌਰਾਨ ਕਾਂਗਰਸ ਦੀ ਅਗੁਵਾਈ ਵਾਲੀ ਸੂਬਾ ਸਰਕਾਰ ਵਲੋਂ 2 ਵਾਰ ਕੈਬਨਿਟ ਮੰਤਰੀਆਂ ਦੀਆਂ ਸਬ ਕਮੇਟੀਆਂ ਦਾ ਵੀ ਗਠਨ ਕਰਕੇ ਇਨ੍ਹਾਂ ਨੂੰ ਇਹ ਜਿੰਮੇਵਾਰੀ ਸੌਂਪੀ ਗਈ ਸੀ ਕਿ ਸਬ ਕਮੇਟੀ ਵਲੋਂ 'ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦਾ ਐਕਟ' ਬਣਾਉਣਾ ਹੈ। ਹੁਣ ਪੰਜਾਬ ਸਰਕਾਰ ਵਲੋਂ 5 ਸਾਲਾਂ ਦੇ ਅਰਸੇ ਤੋਂ ਬਾਅਦ 11 ਨਵੰਬਰ 2021 ਨੂੰ "ਪੰਜਾਬ ਪ੍ਰੋਟੈਕਸ਼ਨ ਐਂਡ ਰੈਗੂਲਰਾਈਜੇਸ਼ਨ ਆਫ ਕੰਟਰੈਕਚੂਅਲ ਕਾਨੂੰਨ 2021" ਪਾਸ ਕੀਤਾ ਹੈ, ਉਸ 'ਚ ਲੋਕਾਂ ਦੀ ਸੇਵਾ ਦੇ ਅਦਾਰਿਆਂ ਦਾ ਵਪਾਰੀਕਰਨ/ਨਿੱਜੀਕਰਨ ਨੂੰ ਹੱਲਾ ਦਿੱਤਾ ਗਿਆ ਹੈ ਉਥੇ ਇਹ ਕਾਨੂੰਨ ਠੇਕਾ ਮੁਲਾਜਮਾਂ ਦੇ ਵਿਰੋਧੀ ਹੈ ਕਿਉਕਿ ਬੋਰਡਾਂ ਤੇ ਕਾਰਪੋਰੇਸ਼ਨਾਂ 'ਚ ਇਹ ਕਾਨੂੰਨ ਲਾਗੂ ਨਹੀਂ ਹੋਵੇਗਾ ਉਥੇ ਇਸ ਕਾਨੂੰਨ ਤਹਿਤ ਇਨਲਿਸਟਮੈਂਟ, ਆਊਟਸੋਰਸ, ਕੰਪਨੀਆਂ, ਸੁਸਾਇਟੀਆਂ, ਕੇਂਦਰੀ ਸਕੀਮਾਂ ਅਧੀਨ ਠੇਕਾ ਪ੍ਰਣਾਲੀ ਤਹਿਤ ਕੰਮ ਕਰਦੇ ਕਾਮਿਆਂ ਨੂੰ ਵੀ ਰੈਗੂਲਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ 10 ਸਾਲ ਤੋਂ ਘੱਟ ਸੇਵਾ ਵਾਲੇ ਕਾਮੇ ਵੀ ਰੈਗੂਲਰ ਨਹੀਂ ਹੋਣਗੇ, ਜਦਕਿ 36 ਹਜਾਰ ਮੁਲਾਜਮਾਂ ਨੂੰ ਰੈਗੂਲਰ ਕਰਨ ਦਾ ਝੂਠ ਮਾਰ ਕੇ ਚੰਨੀ ਸਰਕਾਰ ਲੋਕਾਂ ਨਾਲ ਧੋਖਾ ਕਰ ਰਹੀ ਹੈ।

ਸੂਬਾ ਆਗੂਆਂ ਨੇ ਕਿਹਾ ਕਿ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੀ ਮੰਗ ਹੈ ਕਿ ਸਰਕਾਰਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਣਾਈਆਂ ਇਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ, ਕੰਪਨੀਆਂ, ਸੁਸਾਇਟੀਆਂ ਆਦਿ ਵੱਖ ਵੱਖ ਕੈਟਾਗਿਰੀਆਂ ਤਹਿਤ ਠੇਕਾ ਮੁਲਾਜਮ ਜੋਕਿ ਸਰਕਾਰ ਅਧੀਨ ਚੱਲ ਰਹੇ ਵਿਭਾਗਾਂ ਵਿਚ ਪੱਕੇ ਕੰਮ ਲਈ ਰੱਖੇ ਹੋਏ ਹਨ, ਉਨ੍ਹਾਂ ਨੂੰ ਪੱਕਾ ਰੁਜਗਾਰ ਦਿੱਤਾ ਜਾਵੇ, ਤੈਅ ਸ਼ੁਦਾ ਨਿਯਮ ਮੁਤਾਬਿਕ ਬਰਾਬਰ ਕੰਮ ਬਰਾਬਰ ਤਨਖਾਹ ਦੇਣ ਦਾ ਨਿਯਮ ਲਾਗੂ ਕੀਤਾ ਜਾਵੇ, ਮਿਨੀਮਮ ਵੇਜ ਐਕਟ ਲਾਗੂ ਕੀਤਾ ਜਾਵੇ, ਟਰੇਡ ਯੂਨੀਅਨ ਦੇ ਅਧਿਕਾਰ ਮੁਹੱਈਆ ਕੀਤੇ ਜਾਣ, ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਦਾ ਹਮਲਾ ਰੋਕਿਆ ਜਾਵੇ ਆਦਿ, ਪਰੰਤੂ ਪੰਜਾਬ ਸਰਕਾਰ ਠੇਕਾ ਕਾਮਿਆਂ ਅਤੇ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਤੋਂ ਬੇਜਿੱਦ ਹੈ ਅਤੇ ਠੇਕਾ ਮੁਲਾਜਮਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਵਾਸਤੇ ਤਿਆਰ ਨਹੀਂ ਹੈ।

ਸੂਬਾ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੋਈ ਵੀ ਗੱਲ ਵਿਸ਼ਵਾਸ਼ ਯੋਗ ਜਾਂ ਭਰੋਸਾ ਕਰਨ ਯੋਗ ਨਹੀਂ ਹੈ ਕਿਉਕਿ 19 ਦਸੰਬਰ 2021 ਨੂੰ ਹੋਈ ਮੀਟਿੰਗ 'ਚ ਮੁੱਖ ਮੰਤਰੀ ਪੰਜਾਬ ਵਲੋਂ ਇਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ, ਕੰਪਨੀਆਂ, ਸੁਸਾਇਟੀਆਂ ਤਹਿਤ ਕੰਮ ਕਰਦੇ ਠੇਕਾ ਮੁਲਾਜਮਾਂ ਨੂੰ 2 ਦਿਨ ਦੇ ਅੰਦਰ ਸਬੰਧਤ ਵਿਭਾਗਾਂ ਵਿਚ ਮਰਜ ਕਰਕੇ ਰੈਗੂਲਰ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ 13 ਦਿਨ ਬੀਤਣ ਦੇ ਬਾਅਦ ਵੀ ਇਹ ਵਾਅਦਾ ਪੂਰਾ ਨਹੀਂ ਹੋ ਸੱਕਿਆ। ਇਸ ਫੈਸਲੇ ਦਾ ਅੱਜ ਤੱਕ ਮੁੱਖ ਮੰਤਰੀ ਵਲੋਂ ਹੱਲ ਨਹੀਂ ਕੀਤਾ।

ਇਸੇ ਤਰ੍ਹਾਂ ਹੀ 2 ਮਹੀਨੇ ਬੀਤ ਚੁੱਕੇ ਹਨ ਕਿ ਚੰਨੀ ਸਰਕਾਰ ਵਲੋਂ 36 ਹਜਾਰ ਮੁਲਾਜਮ ਪੱਕੇ ਕਰ ਦਿੱਤੇ ਗਏ ਹਨ ਅਤੇ ਪੰਜਾਬ ਦੇ ਅੰਦਰ ਹਰ ਸ਼ਹਿਰ ਅਤੇ ਪਿੰਡਾਂ ਵਿਚ ਵੱਡੇ ਵੱਡੇ ਫਲੈਕਸ ਬੋਰਡ ਲਗਾਏ ਹਨ ਕਿ ਪਰ ਹੁਣ ਮੁੱਖ ਮੰਤਰੀ ਨੂੰ ਆਪਣੇ ਮੂੰਹ ਕਹਿਣਾ ਪਿਆ ਹੈ ਕਿ 36 ਹਜਾਰ ਠੇਕਾ ਕਾਮਿਆਂ ਨੂੰ ਰੈਗੂਲਰ ਕਰਨ ਵਾਲੇ ਬਣਾਏ ਕਾਨੂੰਨ ਵਾਲੀ ਫਾਇਲ ਅਜੇ ਗਵਰਨਰ ਕੋਲ ਦਸਤਖਤ ਹੋਣ ਲਈ ਅਪੈਂਡਿੰਗ ਪਈ ਹੈ। ਜਿਸ 'ਤੇ ਇਸ ਮੁੱਖ ਮੰਤਰੀ ਤੋਂ ਕਿਵੇ ਭਰੋਸਾ ਜਾਂ ਵਿਸ਼ਵਾਸ਼ ਕੀਤਾ ਜਾ ਸਕਦਾ ਹੈ ਕਿ ਲੋਕਾਂ ਦੇ ਮਸਲੇ ਹੱਲ ਕੀਤੇ ਜਾ ਰਹੇ ਹਨ, ਇਹ ਸਭ ਝੂਠ ਬੋਲ ਰਹੇ ਹਨ ਅਤੇ ਅਗਾਮੀ 2022 ਵਿਧਾਨ ਸਭਾ ਚੋਣਾਂ ਜਿੱਤਣ ਲਈ ਵੱਡੇ ਵੱਡੇ ਵਾਅਦੇ ਹੀ ਕੀਤੇ ਜਾ ਰਹੇ ਹਨ ਬਲਕਿ ਅਸਲੀਅਤ ਵਿਚ ਕੁਝ ਵੀ ਨਹੀਂ ਕੀਤਾ ਜਾ ਰਿਹਾ ਹੈ। ਅਜਿਹੇ ਹਲਾਤਾਂ ਵਿਚ ਸਾਡੀ ਮਜਬੂਰੀ ਹੈ, ਇਸੇ ਮਜਬੂਰੀ ਦੇ ਕਾਰਨ ਠੇਕਾ ਮੁਲਾਜਮ ਸੰਘਰਸ਼ ਮੋਰਚੇ ਵਲੋਂ ਪਹਿਲਾਂ ਵੀ ਥੋੜੇ ਥੋੜੇ ਸਮੇਂ ਦੇ ਨੈਸ਼ਨਲ ਹਾਈਵੇ ਜਾਮ ਕਰਕੇ ਐਕਸ਼ਨ ਕੀਤੇ ਗਏ ਹਨ ਅਤੇ ਹੁਣ ਫਿਰ ਇਸੇ ਸੰਘਰਸ਼ ਨੂੰ ਲਗਾਤਾਰ ਜਾਰੀ ਰੱਖਦੇ ਹੋਏ ਅੱਜ ਇਥੇ ਅਮ੍ਰਿਤਸਰ ਤੋਂ ਦਿੱਲੀ ਨੈਸ਼ਨਲ ਹਾਈਵੇ ਜਾਮ ਗਿਆ ਹੈ। ਇਸ ਦੌਰਾਨ ਲੋਕਾਂ ਨੂੰ ਬਹੁਤ ਸਾਰੀਆਂ ਔਕੜਾਂ ਆਈਆ ਹੋਣਗੀਆਂ, ਉਨ੍ਹਾਂ ਤੋਂ ਅਸੀਂ ਖੀਮਾ ਦੇ ਜਾਂਚਕ ਹਾਂ, ਪਰ ਅਸੀਂ ਇਥੇ ਇਹ ਗੱਲ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸਾਡੀ ਲੜਾਈ ਸਿਰਫ ਠੇਕਾ ਮੁਲਾਜਮਾਂ ਦਾ ਪੱਕਾ ਰੁਜਗਾਰ ਕਰਵਾਉਣਾ ਹੀ ਨਹੀਂ ਹੈ ਬਲਕਿ ਇਹ ਉਸਤੋਂ ਉਪਰ ਉਠ ਕੇ ਜਿਹੜੇ ਦੇਸ਼ ਦੇ ਮਾਲ-ਖਜਾਨੇ ਵਿਦੇਸ਼ੀ ਲੁਟੇਰਿਆਂ ਨੂੰ ਲੋਕਾਂ ਦੀ ਅੰਨ੍ਹੀ ਲੁੱਟ ਕਰਵਾਉਣ ਲਈ ਸਰਕਾਰਾਂ ਵਲੋਂ ਵੇਚੇ ਜਾ ਰਹੇ ਹਨ।




## ਰਾਏਕੋਟ ਜੋੜ ਮੇਲੇ ਦੀ ਰਾਏ ਅਜ਼ੀਜ਼ ਉੱਲਾ ਵਲੋਂ ਸਮੂਹ ਸੰਗਤ ਨੂੰ ਵਧਾਈ

**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਪਾਕਿਸਤਾਨ ਦੇ ਸਾਬਕਾ ਐਮ.ਪੀ ਅਤੇ ਰਾਏਕੋਟ ਦੇ ਨਵਾਬ ਰਾਏ ਕੱਲ੍ਹਾ ਦੇ ਵੰਸ਼ਜ ਰਾਏ ਅਜ਼ੀਜ ਉੱਲਾ ਖਾਂ ਨੇ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰਾਏਕੋਟ ਆਗਮਨ ਦੇ ਸਬੰਧ 'ਚ ਇਤਿਹਾਸਕ ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ ਵਿਖੇ ਲੱਗਣ ਵਾਲੇ ਤਿੰਨ ਰੋਜ਼ਾ ਸਲਾਨਾ ਜੋੜ ਮੇਲੇ ਦੀ ਸਮੂਹ ਸੰਗਤ ਨੂੰ ਮੁਬਾਰਕਬਾਦ ਦਿੱਤੀ ਹੈ। ਕੈਨੇਡਾ ਤੋਂ ਭੇਜੇ ਇਕ ਟੈਲੀਫੋਨ ਸੰਦੇਸ਼ ਵਿੱਚ ਸ੍ਰੀ ਰਾਏ ਅਜ਼ੀਜ਼ ਉੱਲਾ ਖਾਂ ਨੇ ਕਿਹਾ ਕਿ ਇਸ ਪਵਿੱਤਰ ਦਿਹਾੜੇ ਦਾ ਉਹ ਸਾਰਾ ਸਾਲ ਇੰਤਜਾਰ ਕਰਦੇ ਹਨ, ਕਿਉਂਕਿ ਇਹ ਉਹ ਦਿਹਾੜਾ ਹੈ ਜਦ ਨਾਂ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਏਕੋਟ ਦੀ ਧਰਤੀ ਨੂੰ ਆਪਣੀ ਚਰਨ ਛੋਹ ਨਾਲ ਪਵਿੱਤਰ ਕੀਤਾ, ਬਲਕਿ ਗੰਗਾ ਸਾਗਰ ਵਰਗੀ ਅਨਮੋਲ ਦਾਤ ਭੇਟ ਕਰਕੇ ਉਨ੍ਹਾਂ ਰਾਏ ਖਾਨਦਾਨ ਨੂੰ ਵੀ ਰਹਿੰਦੀ ਦੁਨੀਆਂ ਤੱਕ ਅਮਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਪੁਰਖਿਆਂ 'ਤੇ ਫ਼ਖਰ ਹੈ, ਜਿੰਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਔਖੇ ਸਮੇਂ 'ਚ ਉਨ੍ਹਾਂ ਦੀ ਸੇਵਾ ਦਾ ਮੌਕਾ ਮਿਲਿਆ।



## ਜਿਲ੍ਹਾ ਪਠਾਨਕੋਟ ਵਿੱਚ ਨਹੀਂ ਰੁੱਕ ਰਿਹਾ ਚੋਰੀਆਂ ਦਾ ਸਿਲਸਿਲਾ

### ਪਠਾਨਕੋਟ ਅਤੇ ਹਰਿਆਲ ਤੋਂ ਬਾਅਦ ਸੁਜਾਨਪੁਰ ਦੇ ਵਾਰਡ ਨੰਬਰ 13 ਵਿੱਚ ਚੋਰਾਂ ਨੇ ਇੱਕ ਘਰ ਵਿੱਚ ਕੀਤੀ ਸੰਧਮਾਰੀ

**ਪਠਾਨਕੋਟ/ਸੁਜਾਨਪੁਰ/ਰਜਨੀਸ ਕਾਲੂ**

ਜ਼ਿਲ੍ਹਾ ਪਠਾਨਕੋਟ ਵਿੱਚ ਚੋਰੀਆਂ ਦਾ ਸਿਲਸਿਲਾ ਰੁੱਕਣ ਦਾ ਨਾਮ ਨਹੀਂ ਲੈ ਰਿਹਾ। ਇਸ ਵਾਰ ਚੋਰਾਂ ਵੱਲੋਂ ਸੁਜਾਨਪੁਰ ਦੇ ਵਾਰਡ ਨੰਬਰ 13 ਅਬਾਦੀ ਠੰਡੀ ਖੂਈ ਵਿਖੇ ਇੱਕ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਘਰ ਅੰਦਰੋਂ 15 ਤੋਲੇ ਸੋਨਾ ਅਤੇ 50 ਹਜਾਰ ਦੀ ਨਗਦੀ ਚੋਰੀ ਕਰਕੇ ਲੈ ਗਏ ਹਨ । ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਮਕਾਨ ਮਾਲਕ ਪੀੜਤ ਸੁਭਲਤਾ ਨੇ ਦੱਸਿਆ ਕਿ ਉਹ ਬੀਤੇ ਦਿਨ ਸਾਂਬਾ (ਜੰਮੂ-ਕਸਮੀਰ) ਸਥਿਤ ਆਪਣੇ ਨਾਨਕੇ ਘਰ ਗਈ ਹੋਈ ਸੀ। ਅੱਜ ਸਵੇਰੇ ਉਸ ਦੇ ਗੁਆਂਢੀਆਂ ਨੇ ਉਸ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਦੇ ਗੇਟ ਅੰਦਰਲੇ ਘਰ ਦਾ ਮੁੱਖ ਦਰਵਾਜਾ ਖੁੱਲ੍ਹਾ ਹੈ। ਜਦੋਂ ਉਹ ਆਪਣੇ ਜਵਾਈ ਮਾਨ ਸਿੰਘ ਨੂੰ ਲੈ ਕੇ ਘਰ ਪਹੁੰਚੀ ਤਾਂ ਦੇਖਿਆ ਕਿ ਚੋਰ ਘਰ ਦੇ ਮੇਨ ਗੇਟ ਦਾ ਤਾਲਾ ਤੋੜ ਕੇ ਅਤੇ ਘਰ ਅੰਦਰ ਦਾਖਲ ਹੋਏ ਸਨ। ਉਸ ਨੇ ਦੱਸਿਆ ਕਿ ਚੋਰਾਂ ਨੇ ਉਸ ਦੇ ਘਰੋਂ 15 ਤੋਲੇ ਸੋਨਾ ਅਤੇ 50 ਹਜਾਰ ਰੁਪਏ ਦੀ ਨਕਦੀ ਚੋਰੀ ਕਰ ਲਈ। ਇਸ ਦੇ ਨਾਲ ਹੀ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸੁਜਾਨਪੁਰ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਵਰਨਣਯੋਗ ਹੈ ਕਿ 29 ਦਸੰਬਰ 2021 ਨੂੰ ਚੋਰਾਂ ਨੇ ਪਠਾਨਕੋਟ ਦੇ ਗਾਂਧੀ ਚੋਕ 'ਚ ਸਿਗਰਟ ਬੀੜੀਆਂ ਦੀ ਹੋਲਸੇਲ ਦੁਕਾਨ, ਹਰਿਆਲ ਮਾਰਕੀਟ ਦੀਆਂ 8 ਦੁਕਾਨਾਂ ਅਤੇ ਸੁਜਾਨਪੁਰ ਦੇ ਪੁੱਲ ਨੰਬਰ 4 ਵਿੱਚ ਵੀ ਤਾਲੇ ਤੋੜ ਕੇ ਨਕਦੀ ਅਤੇ ਸਾਮਾਨ ਚੋਰੀ ਕਰ ਲਿਆ ਸੀ। ਇਹ ਤਿੰਨੋਂ ਚੋਰੀਆਂ ਵਾਲੀ ਥਾਂ ਪਠਾਨਕੋਟ ਦੇ ਥਾਨਾਂ ਡਿਵੀਜਨ ਨੰਬਰ 1, ਥਾਣਾ ਮਾਮੂਨ ਕੈਂਟ ਅਤੇ ਥਾਣਾ ਸੁਜਾਨਪੁਰ ਤੋਂ ਥੋੜ੍ਹੀ ਦੂਰੀ 'ਤੇ ਹੋਈਆਂ ਹਨ। ਇਸ ਤਰ੍ਹਾਂ ਚੋਰੀ ਦੀਆਂ ਘਟਨਾਵਾਂ ਕਾਰਨ ਜਲ੍ਹਿੇ ਅੰਦਰ ਦਹਿਸਤ ਦਾ ਮਾਹੌਲ ਬਣਿਆ ਹੋਇਆ ਹੈ। ਜੋ ਕਿ ਜਲ੍ਹਿਾ ਪਠਾਨਕੋਟ ਪੁਲਿਸ ਦੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲੀਆ ਨਿਸਾਨ ਲਗਾਉਂਦਾ ਪਿਆ ਹੈ ।



# ਪੰਜਾਬੀ ਔਰਤਾਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਨੂੰ ਮਾਤ ਪਾ ਦੇਣਗੀਆਂ : ਹਰਸਿਮਰਤ ਕੌਰ ਬਾਦਲ

**ਅਮਰਕੋਟ/ਹਰਜੀਤ ਸਿੰਘ ਵਲਟੋਹਾ**



ਸਾਬਕਾ ਕੇਂਦਰੀ ਮੰਤਰੀ ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਅੱਜ ਕਿਹਾ ਕਿ ਪੰਜਾਬ ਦੀਆਂ ਔਰਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਨੂੰ ਮਾਤ ਪਾ ਦੇਣਗੀਆਂ ਅਤੇ ਖੇਤਰੀ ਪਾਰਟੀ ਵਿਚ ਵਿਸ਼ਵਾਸ ਜਤਾਉਣਗੀਆਂ ਜਿਸਨੇ ਹਮੇਸ਼ਾ ਉਹਨਾਂ ਦੀਆਂ ਇੱਛਾਵਾਂ ਦੀ ਰਾਖੀ ਕੀਤੀ।

ਇਥੇ ਔਰਤਾਂ ਦੇ ਰਿਕਾਰਡ ਇਕੱਠ ਜੋ ਇਸ ਸਰਹੱਦੀ ਪੱਟੀ ਵਿਚ ਪਹਿਲਾਂ ਕਦੇ ਨਹੀਂ ਹੋਇਆ, ਨੂੰ ਸੰਬੋਧਨ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਨੇ ਅਕਾਲੀ ਦਲ ਦੀ ਹਮਾਇਤ ਵਿਚ ਇੰਨੀ ਵੱਡੀ ਗਿਣਤੀ ਵਿਚ ਨਿੱਤਰਣ ਲਈ ਉਹਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਤੁਸੀਂ ਅੱਜ ਸਾਬਤ ਕਰ ਦਿੱਤਾ ਹੈ ਕਿ ਜਦੋਂ ਔਰਤ ਫੈਸਲਾ ਕਰ ਲੈਂਦੀ ਹੈ ਤਾਂ ਭਾਵੇਂ ਕੁਝ ਵੀ ਹੋ ਜਾਵੇ, ਫੈਸਲੇ 'ਤੇ ਕਾਇਮ ਰਹਿੰਦੀ ਹੈ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਜਿਵੇਂ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੀ ਜਿੱਤ ਵਿਚ ਔਰਤਾਂ ਨੇ ਵੱਡਾ ਰੋਲ ਅਦਾ ਕੀਤਾ, ਪੰਜਾਬ ਦੀਆਂ ਔਰਤਾਂ ਵੀ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਤੇ ਬਸਪਾ ਗਠਜੋੜ ਦੀ ਜਿੱਤ ਵਿਚ ਅਹਿਮ ਰੋਲ ਅਦਾ ਕਰਨਗੀਆਂ।

ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਕੋਈ ਨਵੀਂਆਂ ਨਹੀਂ ਹਨ। ਪੰਜਾਬ ਚੋਣਾਂ ਮੌਕੇ ਇਹ ਹਮੇਸ਼ਾ ਘੜੀਆਂ ਜਾਂਦੀਆਂ ਹਨ। 2012 ਵਿਚ ਤੁਸੀਂ ਵੇਖਿਆ ਕਿ ਪੀਪਲਜ਼ ਪਾਰਟੀ ਆਫ ਪੰਜਾਬ (ਪੀ ਪੀ ਪੀ) ਬਣਾਈ ਗਈ ਜੋ ਚੋਣਾਂ ਤੋਂ ਬਾਅਦ ਭੰਗ ਕਰ ਦਿੱਤੀ ਗਈ ਤੇ ਫਿਰ ਕਾਂਗਰਸ ਪਾਰਟੀ ਵਿਚ ਉਸਦਾ ਰਲੇਵਾਂ ਹੋ ਗਿਆ। ਉਹਨਾਂ ਕਿਹਾ ਕਿ ਹੁਣ ਫਿਰ ਤੋਂ ਕਾਂਗਰਸ ਤੇ ਭਾਜਪਾ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਣ ਲਈ ਪੱਬਾਂ ਭਾਰ ਹੋਈਆਂ ਪਈਆਂ ਹਨ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਪੰਜ ਸਾਲਾਂ ਤੱਕ ਬੇਅਦਬੀ ਦੀਆਂ ਘਟਨਾਵਾਂ ਦਾ ਸਿਆਸੀਕਰਨ ਕੀਤਾ ਤੇ ਹੁਣ ਵੀ ਸ੍ਰੀ ਦਰਬਾਰ ਸਾਹਿਬ ਵਿਚ ਹਾਲ ਹੀ ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਕਾਰਵਾਈ ਕਰਨ ਤੋਂ ਇਨਕਾਰੀ ਹੈ ਜਦੋਂ ਕਿ ਭਾਜਪਾ ਸਿੱਧੇ ਤੌਰ 'ਤੇ ਸਿੱਖ ਕੌਮ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਰਹੀ ਹੈ।

ਸਰਦਾਰਨੀ ਬਾਦਲ ਨੇ ਕਿਹਾ ਕਿ ਕਾਂਗਰਸ ਨੇ ਸਭ ਤੋਂ ਵੱਡੀ ਬੇਅਦਬੀ ਕੀਤੀ ਜਦੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 2017 ਦੀਆਂ ਚੋਣਾਂ ਤੋਂ ਪਹਿਲਾਂ ਦਸਮ ਪਿਤਾ ਦੇ ਨਾਂ 'ਤੇ ਗੁਟਕਾ ਸਾਹਿਬ ਝੂਠੀ ਸਹੁੰ ਖਾਧੀ। ਉਹਨਾਂ ਕਿਹਾ ਕਿ ਭਾਜਪਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਵਰਤ ਕੇ ਸਿੱਖ ਸੰਸਥਾ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਬਠਿੰਡਾ ਦੀ ਐਮ ਪੀ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਮਤਭੇਦ ਭੁਲਾ ਕੇ ਅਕਾਲੀ ਦਲ ਦੇ ਨਾਲ ਡੱਟ ਕੇ ਖੜ੍ਹੇ ਹੋਣ ਕਿਉਂਕਿ ਅਕਾਲੀ ਦਲ ਨੇ ਹੀ ਲੋਕਾਂ ਦੀ ਸੇਵਾ ਕਰਨ ਅਤੇ ਸੂਬੇ ਵਿਚ ਸ਼ਾਂਤੀ ਤੇ ਤਰੱਕੀ ਦਾ ਰਿਕਾਰਡ ਸਿਰਜਿਆ ਹੈ। ਉਹਨਾਂ ਕਿਹਾ ਕਿ ਆਟਾ ਦਾਲ ਸਕੀਮ, ਸ਼ਗਨ ਸਕੀਮ ਤੇ ਬੁਢਾਪਾ ਪੈਨਸ਼ਨ ਸਮੇਤ ਸਾਰੀਆਂ ਸਮਾਜ ਭਲਾਈ ਸਕੀਮਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਸ਼ੁਰੂ ਕੀਤੀਆਂ ਗਈਆਂ। ਉਹਨਾਂ ਕਿਹਾ ਕਿ ਅਕਾਲੀ ਦਲ ਸਰਦਾਰ ਬਾਦਲ ਦੇ ਨਕਸ਼ੇ ਕਦਮਾਂ 'ਤੇ ਚਲ ਰਿਹਾ ਹੈ ਤੇ ਉਹਨਾਂ ਮਾਤਾ ਖੀਵੀ ਸਕੀਮ ਲਾਗੂ ਕਰਨ ਦਾ ਵਾਅਦਾ ਕੀਤਾ ਜਿਸ ਤਹਿਤ ਸਮਾਜ ਦੀਆਂ ਆਰਥਿਕ ਤੌਰ 'ਤੇ ਕਮਜ਼ੋਰ ਬੀਬੀਆਂ ਜੋ ਘਰ ਦੀ ਅਗਵਾਈ ਕਰ ਰਹੀਆਂ ਹਨ, ਨੂੰ ਹਰ ਮਹੀਨੇ 2 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਸਰਦਾਰਲੀ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਸਰਕਾਰ ਨੂੰ ਲੋਕਾਂ ਦੀ ਉੱਕਾ ਹੀ ਪਰਵਾਹ ਨਹੀਂ ਹੈ। ਉਹਨਾਂ ਕਿਹਾ ਕਿ ਹਾਲ ਇਹ ਹੋ ਗਿਆ ਹੈ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਤਾਂ ਉਹਨਾਂ ਦੇ ਘਰ ਬਾਹਰ ਪ੍ਰਦਰਸ਼ਨ ਕਰ ਰਹੀਆਂ ਐਨ ਆਰ ਐਚ ਐਮ ਨਰਸਾਂ ਨੂੰ ਕੁਚਲਣ ਤੱਕ ਦੀ ਕੋਸ਼ਿਸ਼ ਕੀਤੀ। ਉਹਨਾਂ ਕਿਹਾ ਕਿ ਲਖੀਮਪੁਰ ਖੀਰੀ ਵਰਗੀ ਘਟਨਾ ਵਾਪਰਦੇ ਵਾਪਰਦੇ ਬਚੀ ਤੇ ਇਕ ਨਰਸ ਫੱਟੜ ਹੋ ਗਈ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸੀਨੀਅਰ ਅਕਾਲੀ ਆਗੂ ਸਰਦਾਰ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਸਿਰਫ ਅਕਾਲੀ ਦਲ ਨੇ ਹੀ ਪਿਛਲੀਆਂ ਸਰਕਾਰਾਂ ਵੇਲੇ ਸਮਾਜ ਦੇ ਸਾਰੇ ਵਰਗਾਂ ਦਾ ਖਿਆਲ ਰੱਖਿਆ। ਉਹਨਾਂ ਨੇ ਖੇਤੀਬਾੜੀ ਖੇਤਰ ਲਈ ਦਿੱਤੀ ਗਈ ਮੁਫਤ ਬਿਜਲੀ ਸਹੂਲਤ ਦਾ ਜ਼ਿਕਰ ਵੀ ਕੀਤਾ। ਉਹਨਾਂ ਕਿਹਾ ਕਿ ਕਾਂਗਰਸੀਆਂ ਨੇ ਵੱਡੇ ਵੱਡੇ ਵਾਅਦੇ ਤਾਂ ਕਰ ਲਏ ਪਰ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਭਾਵੇਂ ਉਹ ਘਰ ਘਰ ਨੌਕਰੀ ਦਾ ਹੋਵੇ, 2500 ਰੁਪਏ ਮਹੀਨਾ ਬੇਰੋਜ਼ਗਾਰੀ ਭੱਤਾ, ਵਿਦਿਆਰਥੀਆਂ ਲਈ ਮੋਬਾਈਲ ਫੋਨ ਜਾਂ 51000 ਰੁਪਏ ਸ਼ਗਨ ਸਕੀਮ ਦੀ ਰਾਸ਼ੀ ਹੋਵੇ, ਕੱਖ ਵੀ ਨਹੀਂ ਦਿੱਤਾ ਗਿਆ।

# ਵਾਰਡ ਨੰ. 6 'ਚ ਬੀਬਾ ਕੈਰੋਂ ਨੇ ਬੂਥ ਕਮੇਟੀਆਂ ਦੇ ਆਗੂਆਂ ਨਾਲ ਕੀਤੀ ਵਿਚਾਰ ਚਰਚਾ

**ਪੱਟੀ/ਰਵੀ ਕਰਨ**





ਸ੍ਰ:ਆਦੇਸ਼ ਪ੍ਰਤਾਪ ਸਿੰਘ ਕੈਰੋਂ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੂੰ 2022 ਦੀਆਂ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਜਿਤਾਉਣ ਲਈ ਬੀਬਾ ਪ੍ਰਨੀਤ ਕੌਰ ਕੈਰੋਂ ਵਲੋਂ ਪੱਟੀ ਸ਼ਹਿਰ ਹਰੇਕ ਵਾਰਡ ਦੇ ਲੋਕਾਂ ਨਾਲ ਚੋਣਾਂ ਸਬੰਧੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਬੂਥ ਕਮੇਟੀਆਂ ਦੇ ਆਗੂਆਂ ਨਾਲ ਵਿਚਾਰ ਵਿਟਾਂਦਰਾ ਕੀਤਾ ਜਾ ਰਿਹਾ ਹੈ । ਇਸੇ ਤਹਿਤ ਵਾਰਡ ਨੰਬਰ 6 ਚ ਸਾਬਕਾ ਕੌਂਸਲਰ ਰਛਪਾਲ ਸਿੰਘ ਬੇਦੀ ਦੀ ਅਗਵਾਈ ਹੇਠ ਵੱਖ ਵੱਖ ਥਾਵਾਂ ਤੇ ਚੋਣਾਂ ਸਬੰਧੀ ਮੀਟਿੰਗ ਕੀਤੀ ਗਈ ਇਸ ਮੌਕੇ ਵਾਰਡ ਵਾਸੀਆਂ ਵਲੋਂ ਬੀਬਾ ਪ੍ਰਨੀਤ ਕੌਰ ਕੈਰੋ ਦਾ ਨਿੱਘਾ ਸਵਾਗਤ ਕੀਤਾ ਗਿਆ । ਇਸ ਮੌਕੇ ਵਾਰਡ ਵਾਸੀਆਂ ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ । ਬੀਬਾ ਪ੍ਰਨੀਤ ਕੌਰ ਕੈਰੋਂ ਨੇ ਕਿਹਾ ਕਿ ਵਾਰਡਾਂ ਚ ਬੂਥ ਕਮੇਟੀਆਂ ਦੇ ਆਗੂਆਂ ਨਾਲ ਮੀਟਿੰਗਾ ਕਰਨ ਦਾ ਸਿਲਸਿਲਾ ਲਗਾਤਰ ਜਾਰੀ ਹੈ ਅੱਜ ਵਾਰਡ ਨੰਬਰ 6 ਚ ਬੂਥ ਕਮੇਟੀਆਂ ਦੇ ਆਗੂਆਂ ਨਾਲ ਵਿਚਾਰ ਚਰਚਾ ਕੀਤੀ ਗਈ ਹੈ ਅਤੇ ਚੋਣਾਂ ਸਬੰਧੀ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ । ਇਸ ਮੌਕੇ ਬੀਬਾ ਪ੍ਰਨੀਤ ਕੌਰ ਕੈਰੋਂ ਨੇ ਕੈਰੋਂ ਪਰਿਵਾਰ ਵਲੋਂ ਕਰਵਾਏ ਗਏ ਵਿਕਾਸ ਕਾਰਜਾਂ ਬਾਰੇ ਦੱਸਿਆ ਅਤੇ ਕਿਹਾ ਕਿ ਪੱਟੀ ਹਲਕੇ ਚ ਸਡਕਾਂ ਦਾ ਜਾਲ ਕੈਰੋਂ ਪਰਿਵਾਰ ਵਲੋਂ ਵਿਛਾਇਆ ਗਿਆ । ਮਾਝੇ ਮਾਲਵੇ ਨੂੰ ਜੋੜਨ ਲਈ ਕੋਟਬੁਢਾ ਵਿਖੇ ਕਰੋੜਾਂ ਰੁਪਏ ਦੀ ਲਾਗਤ ਨਾਲ ਪੁਲ ਤਿਆਰ ਕਰਵਾਇਆ ਗਿਆ ।ਬੀਬਾ ਪ੍ਰਨੀਤ ਕੌਰ ਕੈਰੋਂ ਨੇ ਕਿਹਾ ਕਿ ਕੈਰੋਂ ਪਰਿਵਾਰ ਵਲੋਂ ਹਮੇਸ਼ਾ ਹੀ ਲੋਕ ਭਲਾਈ ਦੇ ਕੰਮ ਕੀਤੇ ਗਏ ਹਨ ਅਤੇ ਕੀਤੇ ਜਾਣਗੇ ।

ਇਸ ਮੌਕੇ ਬੀਬੀ ਰਣਜੀਤ ਕੌਰ ,ਬੀਬੀ ਹਰਜੀਤ ਕੌਰ , ਬੀਬੀ ਮਨਜੀਤ ਕੌਰ , ਬੀਬੀ ਸੁਖਦੀਪ ਕੌਰ , ਬੀਬੀ ਰੇਖਾ , ਬੀਬੀ ਬਲਜਿੰਦਰ ਕੌਰ , ਬੀਬੀ ਪਰਮਜੀਤ ਕੌਰ , ਬੀਬੀ ਬਲਜੀਤ ਕੌਰ , ਬੀਬੀ ਸੁਖਦੀਪ ਕੌਰ , ਬੀਬੀ ਰੁਪਿੰਦਰ ਕੌਰ ,ਖੁਸ਼ਵਿੰਦਰ ਸਿੰਘ ਭਾਟੀਆ ,ਜਸਬੀਰ ਸਿੰਘ ਜੱਸ ਕਪੜੇ ਵਾਲੇ , ਸ਼ਹਿਰੀ ਪ੍ਰਧਾਨ ਗੁਰਚਰਨ ਸਿੰਘ ਚੰਨ , ਅਮਰੀਕ ਸਿੰਘ ਐਮ.ਬੀ.ਏ , ਸੱਤਪਾਲ ਅਰੋੜਾ , ਪ੍ਰਧਾਨ ਗੁਰਦੇਵ ਸਿੰਘ ਸੋਨੂੰ ਚੀਮਾ , ਸੁਨੀ ਬਰਾੜ ,ਗੁਰਬਚਨ ਸਿੰਘ ਪਨੇਸਰ , ਹਰਵਿੰਦਰ ਸਿੰਘ , ਬਾਬਾ ਰਣਜੀਤ ਸਿੰਘ ਪ੍ਰਧਾਨ ਬੀ.ਸੀ ਵਿੰਗ ਵਾਰਡ ਨੰਬਰ 4 , ਤਜਿੰਦਰ ਸਿੰਘ ਤਾਜ , ਮਨਜੀਤ ਸਿੰਘ , ਅਜੀਤ ਸਿੰਘ ਬੇਦੀ , ਸੁਖਵਿੰਦਰ ਸਿੰਘ ਬੇਦੀ , ਫਤਹਿ ਸਿੰਘ ਬੇਦੀ , ਹਰਬੰਸ ਸਿੰਘ ,ਅਵਤਾਰ ਸਿੰਘ ਲਾਲੀ , ਹਰਜੀਤ ਸਿੰਘ , ਦਲੇਰ ਸਿੰਘ , ਸੁਖਵੰਤ ਸਿੰਘ , ਸੁਖਵਿੰਦਰ ਸਿੰਘ , ਰਾਜਨਪ੍ਰੀਤ ਸਿੰਘ ਰਾਜਨ ਸਾਬਕਾ ਕੌਂਸਲਰ , ਸ਼ਮੀ ਪੁਰੀ , ਹਰਭਜਨ ਸਿੰਘ ਜਥੇਦਾਰ , ਕੁਲਦੀਪ ਸਿੰਘ ,ਗੁਰਮੀਤ ਸਿੰਘ , ਸੁਖਵੰਤ ਸਿੰਘ , ਗੁਰਮੁਖ ਸਿੰਘ , ਸੁਰਿੰਦਰ ਸਿੰਘ , ਅਮਰੀਕ ਸਿੰਘ , ਸੁਖਵਿੰਦਰ ਸਿੰਘ , ਮੁਖਵਿੰਦਰ ਸਿੰਘ ਰਾਜੂ , ਬਲਬੀਰ ਸਿੰਘ ਕਹੀਆਂ ਵਾਲੇ , ਔਲਖ , ਗੁਰਨਾਮ ਸਿੰਘ , ਅਸ਼ੋਕ ਪੁਰੀ , ਬੱਬੀ ਪੁਰੀ , ਗਿਆਨੀ ਲਖਵਿੰਦਰ ਸਿੰਘ ਰਿੰਕੂ ਪੁਰੀ ਆਦਿ ਹਾਜ਼ਿਰ ਸਨ ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਕਿਸਾਨ ਸੰਘਰਸ ਕਮੇਟੀ ਪੰਜਾਬ ਨੇ ਕੇਂਦਰ ਸਰਕਾਰ ਦਾ ਪੁਤਲਾ ਸਾੜਿਆ

**ਅਮਰਕੋਟ/ਹਰਜੀਤ ਸਿੰਘ ਵਲਟੋਹਾ**

ਸਯੁੰਕਤ ਕਿਸਾਨ ਮੋਰਚੇ ਦੀ ਕਾਲ ਤੇ ਸ ਇੰਦਰਜੀਤ ਸਿੰਘ ਕੋਟ ਬੁੱਢਾ ਦੇ ਦਿਸਾ ਨਿਰਦੇਸਾਂ ਤੇ ਕਿਸਾਨ ਸੰਘਰਸ ਕਮੇਟੀ ਪੰਜਾਬ ਕੋਟ ਬੁੱਢਾ ਜੋਨ ਹਰਨਾਮ ਸਿੰਘ ਜੀ ਦੇ ਕਿਸਾਨਾਂ ਵਲੋਂ ਸੁੱਚਾ ਸਿੰਘ ਲੱਧੂ ਜਰਨਲ ਸਕੱਤਰ ਪੰਜਾਬ ਅਤੇ ਬਲਦੇਵ ਸਿੰਘ ਵਲਟੋਹਾ ਸੀਨੀਅਰ ਮੀਤ ਪ੍ਰਧਾਨ ਜਲ੍ਹਿਾ ਤਰਨ ਤਾਰਨ ਦੀ ਅਗਵਾਈ ਵਿਚ ਅਮਰਕੋਟ ਚੌਕ ਵਿਚ ਕੇਂਦਰ ਸਰਕਾਰ ਦਾ ਕਿਸਾਨਾਂ ਵਲੋਂ ਪ੍ਰਤਲਾ ਫੂਕਿਆ ਗਿਆ ਉਸ ਵਿਚ ਦਿਦਾਰ ਸਿੰਘ ਲਾਖਣਾ ਜਗਤਾਰ ਸਿੰਘ ਰਾਜੋਕੇ ਮਨਜੀਤ ਸਿੰਘ ਮੰਦਰ ਜਰਨੈਲ ਸਿੰਘ ਭੰਡਾਲ ਲਖਵਿੰਦਰ ਸਿੰਘ ਮਹਿਮੂਦਪੁਰ ਨਿਰਮਲ ਸਿੰਘ ਸਰਸਾ ਮਿਰਜਾ ਸਵਿੰਦਰ ਸਿੰਘ ਗੁਰਮੁੱਖ ਸਿੰਘ ਬਲਕਾਰ ਸਿੰਘ ਆਦਿ ਆਗੂ ਹਾਜਰ ਸਨ।



# ਖੰਨਾ ਦੇ ਪਿੰਡਾਂ ਦੇ ਵਿਕਾਸ ਲਈ ਕੈਬਿਨਟ ਮੰਤਰੀ ਗੁਰਕੀਰਤ ਸਿੰਘ ਜੀ ਨੇ ਲੱਖਾਂ ਰੁਪਏ ਦੇ ਉਦਘਾਟਨ ਕੀਤੇ



**ਖੰਨਾ/ਲੋਕ ਬਾਣੀ**

ਖੰਨਾ ਵਿਖੇ ਕੈਬਿਨਟ ਮੰਤਰੀ ਗੁਰਕੀਰਤ ਸਿੰਘ ਜੀ ਨੇ ਵੱਖ ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਨੀਂਹ ਪੱਥਰ ਸ.ਸਤਨਾਮ ਸਿੰਘ ਸੋਨੀ (ਚੇਅਰਮੈਨ ਬਲਾਕ ਸੰਮਤੀ ਖੰਨਾ) ਜੀ ਦੀ ਅਗਵਾਈ ਵਿੱਚ ਰੱਖ ਕੇ ਪਿੰਡ ਵਾਸੀਆਂ ਨੂੰ ਪਿੰਡਾਂ ਦੇ ਵਧੇਰੇ ਵਿਕਾਸ ਲਈ ਭਰੋਸਾ ਦਿੱਤਾ ।

ਗੁਰਕੀਰਤ ਸਿੰਘ ਜੀ ਨੇ ਦਿਨ ਦਾ ਪਹਿਲਾ ਉਦਘਾਟਨ ਪਿੰਡ ਬੀਬੀਪੁਰ ਵਿਖੇ ਸੀਵਰੇਜ,ਗਲੀਆ ਨਾਲੀਆਂ, ਬਰਮਾਂ ਤੇ ਇੰਟਰਲਾਕ ਅਤੇ ਪਾਰਕ ਦਾ ਉਦਘਾਟਨ ਕੀਤਾ ਜਿਸ ਨਾਲ ਪਿੰਡ ਹੋਰ ਵਧੇਰੇ ਸਾਫ ਸੂਥਰਾ ਅਤੇ ਪਿੰਡ ਦੀਆਂ ਸੜਕਾਂ ਪੱਕੀਆਂ ਹੋਣਗੀਆਂ । ਗ੍ਰਾਮ ਪੰਚਾਇਤ ਪਿੰਡ ਹੋਲ ਵਿਖੇ ਪਹੁੰਚ ਕੇ ਉਹਨਾਂ ਨੇ ਸੀਵਰੇਜ ਗਲੀਆਂ ਨਾਲੀਆਂ ਪਾਰਕ,ਸੋਲਿਡ ਵੇਸਟ ਮੈਨੇਜਮੈਂਟ ਅਤੇ ਭਗਤ ਰਵਿਦਾਸ ਧਰਮਸਾਲਾ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਕੀਤਾ। ਪਿੰਡ ਵਾਸੀਆਂ ਨੇ ਕਿਹਾ ਕਿ ਅਸੀਂ ਬਹੁਤ ਭਾਗਾਂ ਵਾਲੇ ਹਾਂ ਕਿ ਸਾਡਾ ਲੀਡਰ ਗੁਰਕੀਰਤ ਸਿੰਘ ਜੀ ਹਨ ਜੋ ਪਿੰਡ ਦੀ ਹਰ ਇਕ ਲੋੜ ਅਤੇ ਸਮੱਸਿਆ ਨੂੰ ਇੱਕੋ ਵਾਰ ਚ ਪੂਰਾ ਕਰਦੇ ਹਨ ਅਤੇ ਸਾਡੇ ਨਾਲ ਹਰ ਦੁੱਖ ਸੁੱਖ ਵਿੱਚ ਪਰਿਵਾਰ ਵਾਂਗ ਸਾਥ ਦਿੰਦੇ ਹਨ। ਗੁਰਕੀਰਤ ਸਿੰਘ ਜੀ ਨੇ ਉਦਘਾਟਨ ਦੌਰਾਨ ਕਿਹਾ ਕਿ ਖੰਨੇ ਦੇ ਸਾਰੇ ਪਿੰਡਾਂ ਨੂੰ ਸੋਹਣਾ ਅਤੇ ਸਾਫ ਬਣਾ ਕੇ ਸਹਿਰਾਂ ਦੇ ਬਰਾਬਰ ਕਰਨਾ ਸੁਰੂ ਤੋਂ ਉਹਨਾਂ ਦੀ ਤਰਜੀਹ ਰਹੀ ਹੈ। ਇਸ ਮੌਕੇ ਉਹਨਾਂ ਨਾਲ ਸ.ਗੁਰਦੀਪ ਸਿੰਘ ਰਸੂਲੜਾ(ਚੇਅਰਮੈਨ ਮਾਰਕੀਟ ਕਮੇਟੀ ਖੰਨਾ), ਸ.ਬੇਅੰਤ ਸਿੰਘ (ਪ੍ਰਧਾਨ ਬਲਾਕ ਕਾਂਗਰਸ ਖੰਨਾ), ਸਰਪੰਚ ਗੁਰਚਰਨ ਸਿੰਘ, ਹਰਬੰਸ ਕੌਰ, ਗੁਰਮੁਖ ਸਿੰਘ ਪੰਚ, ਨਾਜਰ ਸਿੰਘ ਪੰਚ, ਪਰਗਟ ਸਿੰਘ ਪੰਚ, ਬਿੰਦਰ ਕੌਰ ਪੰਚ, ਜਗਤਾਰ ਕੌਰ ਪੰਚ, ਸ.ਜਸਵੰਤ ਸਿੰਘ (ਜੇ.ਈ), ਸ.ਨਰਿੰਦਰ ਸਿੰਘ ਸੈਕਟਰੀ, ਸਰਪੰਚ ਸ੍ਰੀਮਤੀ ਦਲਜੀਤ ਕੌਰ, ਜਗਤਾਰ ਸਿੰਘ ਪੰਚ, ਅਮਰੀਕ ਸਿੰਘ ਪੰਚ, ਗੁਰਮੀਤ ਸਿੰਘ ਪੰਚ, ਅੰਮ੍ਰਿਤਪਾਲ ਸਿੰਘ ਪੰਚ, ਸੁਖਵਿੰਦਰ ਕੌਰ ਪੰਚ, ਪਰਮਿੰਦਰ ਕੌਰ ਪੰਚ, ਜਸਪਾਲ ਕੌਰ ਪੰਚ, ਗੁਰਚਰਨ ਸਿੰਘ, ਅਮਰੀਕ ਸਿੰਘ, ਸਰਪੰਚ ਭਾਨ ਸਿੰਘ ਤੁਰਮੁਰੀ ਅਤੇ ਰਣਧੀਰ ਸਿੰਘ ਮੌਜੂਦ ਸਨ।

# ਪੰਜਾਬੀ ਔਰਤਾਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਨੂੰ ਮਾਤ ਪਾ ਦੇਣਗੀਆਂ : ਹਰਸਿਮਰਤ ਕੌਰ ਬਾਦਲ

**ਖੇਮਕਰਨ/ਲੋਕ ਬਾਣੀ**

ਸਾਬਕਾ ਕੇਂਦਰੀ ਮੰਤਰੀ ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਅੱਜ ਕਿਹਾ ਕਿ ਪੰਜਾਬ ਦੀਆਂ ਔਰਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਨੂੰ ਮਾਤ ਪਾ ਦੇਣਗੀਆਂ ਅਤੇ ਖੇਤਰੀ ਪਾਰਟੀ ਵਿਚ ਵਿਸ਼ਵਾਸ ਜਤਾਉਣਗੀਆਂ ਜਿਸਨੇ ਹਮੇਸ਼ਾ ਉਹਨਾਂ ਦੀਆਂ ਇੱਛਾਵਾਂ ਦੀ ਰਾਖੀ ਕੀਤੀ।

ਇਥੇ ਔਰਤਾਂ ਦੇ ਰਿਕਾਰਡ ਇਕੱਠ ਜੋ ਇਸ ਸਰਹੱਦੀ ਪੱਟੀ ਵਿਚ ਪਹਿਲਾਂ ਕਦੇ ਨਹੀਂ ਹੋਇਆ, ਨੂੰ ਸੰਬੋਧਨ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਨੇ ਅਕਾਲੀ ਦਲ ਦੀ ਹਮਾਇਤ ਵਿਚ ਇੰਨੀ ਵੱਡੀ ਗਿਣਤੀ ਵਿਚ ਨਿੱਤਰਣ ਲਈ ਉਹਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਤੁਸੀਂ ਅੱਜ ਸਾਬਤ ਕਰ ਦਿੱਤਾ ਹੈ ਕਿ ਜਦੋਂ ਔਰਤ ਫੈਸਲਾ ਕਰ ਲੈਂਦੀ ਹੈ ਤਾਂ ਭਾਵੇਂ ਕੁਝ ਵੀ ਹੋ ਜਾਵੇ, ਫੈਸਲੇ ’ਤੇ ਕਾਇਮ ਰਹਿੰਦੀ ਹੈ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਜਿਵੇਂ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੀ ਜਿੱਤ ਵਿਚ ਔਰਤਾਂ ਨੇ ਵੱਡਾ ਰੋਲ ਅਦਾ ਕੀਤਾ, ਪੰਜਾਬ ਦੀਆਂ ਔਰਤਾਂ ਵੀ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਤੇ ਬਸਪਾ ਗਠਜੋੜ ਦੀ ਜਿੱਤ ਵਿਚ ਅਹਿਮ ਰੋਲ ਅਦਾ ਕਰਨਗੀਆਂ।

ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਕੋਈ ਨਵੀਂਆਂ ਨਹੀਂ ਹਨ। ਪੰਜਾਬ ਚੋਣਾਂ ਮੌਕੇ ਇਹ ਹਮੇਸ਼ਾ ਘੜੀਆਂ ਜਾਂਦੀਆਂ ਹਨ। 2012 ਵਿਚ ਤੁਸੀਂ ਵੇਖਿਆ ਕਿ ਪੀਪਲਜ਼ ਪਾਰਟੀ ਆਫ ਪੰਜਾਬ (ਪੀ ਪੀ ਪੀ) ਬਣਾਈ ਗਈ ਜੋ ਚੋਣਾਂ ਤੋਂ ਬਾਅਦ ਭੰਗ ਕਰ ਦਿੱਤੀ ਗਈ ਤੇ ਫਿਰ ਕਾਂਗਰਸ ਪਾਰਟੀ ਵਿਚ ਉਸਦਾ ਰਲੇਵਾਂ ਹੋ ਗਿਆ। ਉਹਨਾਂ ਕਿਹਾ ਕਿ ਹੁਣ ਫਿਰ ਤੋਂ ਕਾਂਗਰਸ ਤੇ ਭਾਜਪਾ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਣ ਲਈ ਪੱਬਾਂ ਭਾਰ ਹੋਈਆਂ ਪਈਆਂ ਹਨ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਪੰਜ ਸਾਲਾਂ ਤੱਕ ਬੇਅਦਬੀ ਦੀਆਂ ਘਟਨਾਵਾਂ ਦਾ



ਸਿਆਸੀਕਰਨ ਕੀਤਾ ਤੇ ਹੁਣ ਵੀ ਸ੍ਰੀ ਦਰਬਾਰ ਸਾਹਿਬ ਵਿਚ ਹਾਲ ਹੀ ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਕਾਰਵਾਈ ਕਰਨ ਤੋਂ ਇਨਕਾਰੀ ਹੈ ਜਦੋਂ ਕਿ ਭਾਜਪਾ ਸਿੱਧੇ ਤੌਰ ’ਤੇ ਸਿੱਖ ਕੌਮ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਰਹੀ ਹੈ।

ਸਰਦਾਰਨੀ ਬਾਦਲ ਨੇ ਕਿਹਾ ਕਿ ਕਾਂਗਰਸ ਨੇ ਸਭ ਤੋਂ ਵੱਡੀ ਬੇਅਦਬੀ ਕੀਤੀ ਜਦੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 2017 ਦੀਆਂ ਚੋਣਾਂ ਤੋਂ ਪਹਿਲਾਂ ਦਸਮ ਪਿਤਾ ਦੇ ਨਾਂ ’ਤੇ ਗੁਟਕਾ ਸਾਹਿਬ ਝੂਠੀ ਸਹੁੰ ਖਾਧੀ। ਉਹਨਾਂ ਕਿਹਾ ਕਿ ਭਾਜਪਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਵਰਤ ਕੇ ਸਿੱਖ ਸੰਸਥਾ ’ਤੇ ਕਬਜ਼ਾ ਕਰਨਾ ਚਾਹੁੰਦੀ ਹੈ।

ਬਠਿੰਡਾ ਦੀ ਐਮ ਪੀ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਮਤਭੇਦ ਭੁਲਾ ਕੇ ਅਕਾਲੀ ਦਲ ਦੇ ਨਾਲ ਡੱਟ ਕੇ ਖੜ੍ਹੇ ਹੋਣ ਕਿਉਂਕਿ ਅਕਾਲੀ ਦਲ ਨੇ ਹੀ ਲੋਕਾਂ ਦੀ ਸੇਵਾ ਕਰਨ ਅਤੇ ਸੂਬੇ ਵਿਚ ਸ਼ਾਂਤੀ ਤੇ ਤਰੱਕੀ ਦਾ ਰਿਕਾਰਡ ਸਿਰਜਿਆ ਹੈ। ਉਹਨਾਂ ਕਿਹਾ ਕਿ ਆਟਾ ਦਾਲ ਸਕੀਮ, ਸ਼ਗਨ ਸਕੀਮ ਤੇ ਬੁਢਾਪਾ ਪੈਨਸ਼ਨ ਸਮੇਤ ਸਾਰੀਆਂ ਸਮਾਜ ਭਲਾਈ ਸਕੀਮਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਸ਼ੁਰੂ ਕੀਤੀਆਂ ਗਈਆਂ। ਉਹਨਾਂ ਕਿਹਾ ਕਿ ਅਕਾਲੀ ਦਲ ਸਰਦਾਰ ਬਾਦਲ ਦੇ ਨਕਸ਼ੇ ਕਦਮਾਂ ’ਤੇ ਚਲ ਰਿਹਾ ਹੈ ਤੇ ਉਹਨਾਂ ਮਾਤਾ ਖੀਵੀ ਸਕੀਮ ਲਾਗੂ ਕਰਨ ਦਾ ਵਾਅਦਾ ਕੀਤਾ ਜਿਸ ਤਹਿਤ ਸਮਾਜ ਦੀਆਂ ਆਰਥਿਕ ਤੌਰ ’ਤੇ ਕਮਜ਼ੋਰ ਬੀਬੀਆਂ ਜੋ ਘਰ ਦੀ ਅਗਵਾਈ ਕਰ ਰਹੀਆਂ ਹਨ, ਨੂੰ ਹਰ ਮਹੀਨੇ 2 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਸਰਦਾਰਲੀ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਸਰਕਾਰ ਨੂੰ ਲੋਕਾਂ ਦੀ ਉੱਕਾ ਹੀ ਪਰਵਾਹ ਨਹੀਂ ਹੈ। ਉਹਨਾਂ ਕਿਹਾ ਕਿ ਹਾਲ ਇਹ ਹੋ ਗਿਆ ਹੈ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਤਾਂ ਉਹਨਾਂ ਦੇ ਘਰ ਬਾਹਰ ਪ੍ਰਦਰਸ਼ਨ ਕਰ ਰਹੀਆਂ ਐਨ ਆਰ ਐਚ ਐਮ ਨਰਸਾਂ ਨੂੰ ਕੁਚਲਣ ਤੱਕ ਦੀ ਕੋਸ਼ਿਸ਼ ਕੀਤੀ। ਉਹਨਾਂ ਕਿਹਾ ਕਿ ਲਖੀਮਪੁਰ ਖੀਰੀ ਵਰਗੀ ਘਟਨਾ ਵਾਪਰਦੇ ਵਾਪਰਦੇ ਬਚੀ ਤੇ ਇਕ ਨਰਸ ਫੱਟੜ ਹੋ ਗਈ ਹੈ।

# ਮਜੀਠੀਆ ਦੀ ਭਾਲ ’ਚ ਕਿਸੇ ਸਰਾਰਤੀ ਨੇ ਲਗਾਏ ਇਤਰਾਜਯੋਗ ਸਬਦਾਵਲੀ ਵਾਲੇ ਪੋਸਟਰ

**ਅੰਮਿਤਸਰ/ਲੋਕ ਬਾਣੀ**

ਸਥਾਨਕ ਕਚਹਿਰੀ ਚੌਕ ਨੇੜੇ ਕਿਸੇ ਸਰਾਰਤੀ ਵਲੋਂ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਜੋ ਪੁਲਿਸ ਵਲੋਂ ਡਰੱਗ ਮਾਮਲੇ ਸੰਬੰਧੀ ਪਰਚਾ ਦਰਜ ਕਰਨ ਤੋਂ ਬਾਅਦ ਰੂਪੋਸ ਚਲੇ ਆ ਰਹੇ ਹਨ, ਦੀ ਭਾਲ ਲਈ ਕਿਸੇ ਸਰਾਰਤੀ ਵਿਅਕਤੀ ਵਲੋਂ ਸਹਿਰ ‘ਚ ਕੁਝ ਥਾਵਾਂ ‘ਤੇ ਇਤਰਾਜਯੋਗ ਸਬਦਾਵਲੀ ਵਾਲੇ ਪੋਸਟਰ ਲਗਾਏ ਜਾਣ ਦੀ ਸੂਚਨਾ ਮਿਲੀ ਹੈ . ਕਚਹਿਰੀ ਦੇ ਕਿਚਲੂ ਚੌਕ ਨੇੜੇ ਪੁਲ ਦੇ ਹੇਠਾਂ ਬਾਅਦ ਦੁਪਹਿਰ ਕੁਝ ਥਾਵਾਂ ‘ਤੇ ਲੱਗੇ ਦੇਖੇ ਗਏ ਇਨ੍ਹਾਂ ਪੋਸਟਰਾਂ ‘ਤੇ ਮਜੀਠੀਆ ਦੇ ਨਾਂਅ ਨਾਲ ਪਛਾਣ ਵਜੋਂ ਮਜੀਠੀਆ ਚਿੱਟੇ ਵਾਲਾ, ਅਪਰਾਧ : ਪੰਜਾਬ ‘ਚ ਨਸਾ ਲਿਆਉਣ ਵਾਲਾ ਤੇ ਇਨਾਮ ਦੀ ਰਾਸੀ : ਨਸਾ ਮੁਕਤ ਪੰਜਾਬ, ਲਿਖਿਆ ਹੋਇਆ ਹੈ . ਇਸ ਪੋਸਟਰ ਦੇ ਹੇਠਾਂ ਕਿਸੇ ਦਾ ਨਾਂਅ ਲਿਖਣ ਦੀ ਥਾਂ ਇਹ ਲਿਖਿਆ ਹੋਇਆ ਹੈ ਕਿ ਬਿਕਰਮ ਸਿੰਘ ਮਜੀਠੀਆ ਕਿਤੇ ਵੀ ਦਿਖੇ ਤੇ ਤੁਰੰਤ ਨਜਦੀਕੀ ਪੁਲਿਸ ਸਟੇਸਨ ਨੂੰ ਸੂਚਿਤ ਕਰੋ . ਇਸ ਸੰਬੰਧੀ ਜਦੋਂ ਪੁਲਿਸ ਚੌਕੀ ਕਚਹਿਰੀ ਨਾਲ ਸੰਪਰਕ ਕੀਤਾ ਗਿਆ ਤਾਂ ਇੱਕ ਪੁਲਿਸ ਅਧਿਕਾਰੀ ਨੇ ਇਨ੍ਹਾਂ ਪੋਸਟਰਾਂ ਤੋਂ ਅਗਿਆਨਤਾ ਪ੍ਰਗਟਾਈ।

# ਸੁਲਤਾਨਵਿੰਡ ਦੇ ਰੁਕੇ ਵਿਕਾਸ ਕਾਰਜ ਚੋਣਾਂ ਤੋਂ ਪਹਿਲਾਂ ਸੁਰੂ ਨਾ ਹੋਏ ਤਾਂ ਇਲਾਕਾ ਵਾਸੀ ਕਰਨਗੇ ਵੋਟਾਂ ਦਾ ਬਾਈਕਾਟ

**ਸੁਲਤਾਨਵਿੰਡ/ਲੋਕ ਬਾਣੀ**

ਵਿਧਾਨ ਸਭਾ ਹਲਕਾ ਦੱਖਣੀ ਦੇ ਇਤਿਹਾਸਕ ਅਤੇ ਸਭ ਤੋਂ ਪੁਰਾਣੇ ਪਿੰਡ ਸੁਲਤਾਨਵਿੰਡ ਦੇ ਰੁਕੇ ਹੋਏ ਵਿਕਾਸ ਕਾਰਜਾਂ ਤੋਂ ਦੁਖੀ ਇਲਾਕਾ ਵਾਸੀਆਂ ਨੇ ਕਿਹਾ ਕਿ ਜੇਕਰ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਿੰਡ ਸੁਲਤਾਨਵਿੰਡ ਦੇ ਰੁਕੇ ਹੋਏ ਵਿਕਾਸ ਕਾਰਜ ਸੁਰੂ ਨਾ ਹੋਏ ਤਾਂ ਇਲਾਕਾ ਵਾਸੀਆਂ ਵਲੋਂ ਵੋਟਾਂ ਦਾ ਬਾਈਕਾਟ ਕੀਤਾ ਜਾਵੇਗਾ . ਪਿੰਡ ਦੇ ਵੱਖ-ਵੱਖ ਇਲਾਕਿਆਂ ਦੇ ਲੋਕਾਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸੂਰਤ ‘ਚ ਦੱਸਿਆ ਕਿ ਪਿੰਡ ਸੁਲਤਾਨਵਿੰਡ ਦੇ ਲੋਕ ਜਿੱਥੇ ਰੁਕੇ ਹੋਏ ਵਿਕਾਸ ਕਾਰਜ ਸੁਰੂ ਨਾ ਹੋਣ ‘ਤੇ ਭਾਰੀਆਂ ਮੁਸਕਿਲਾਂ ਦਾ ਸਾਹਮਣਾ ਕਰ ਰਹੇ ਹਨ ਉੱਥੇ ਹੀ ਸਰਕਾਰ ਖਿਲਾਫ ਕਾਫੀ ਗੁੱਸੇ ‘ਚ ਹਨ . ਉਨ੍ਹਾਂ ਕਿਹਾ ਕਿ ਪਿੰਡ ਸੁਲਤਾਨਵਿੰਡ ਦੇ ਜਿਹੜੇ ਮਰਜੀ ਇਲਾਕੇ ਅੰਦਰ ਚਲੇ ਜਾਓ ਸਾਰੇ ਪਾਸੇ ਚਿੱਕੜ, ਟੁੱਟੀਆਂ ਸੜਕਾਂ, ਥਾਂ-ਥਾਂ ਪਏ ਟੋਏ ਕੂੜੇ ਦੇ ਢੇਰ, ਗੰਦੀਆਂ ਨਾਲੀਆਂ ਆਦਿ ਦਾ ਬੁਰਾ ਹਾਲ ਜੋ ਇਲਾਕਾ ਵਾਸੀ ਨਰਕ ਨਾਲੋਂ ਵੀ ਮਾੜੀ ਜੀਂਦਗੀ ਬਤੀਤ ਕਰ ਰਹੇ ਹਨ ਪਰ ਪ੍ਰਸਾਸਨ ਇਸ ਵੱਲ ਧਿਆਨ ਦੇਣ ਦੀ ਬਜਾਏ ਮਿੱਠੀਆਂ ਗੋਲੀਆਂ ਦੇ ਕੇ ਟਾਈਮ ਪਾਸ ਕਰ ਰਿਹਾ ਹੈ . ਇਲਾਕਾ ਵਾਸੀਆਂ ਨੇ ਮੌਜੂਦਾ ਸਰਕਾਰ ਅਤੇ ਪ੍ਰਸਾਸਨ ਤੋਂ ਮੰਗ ਕੀਤੀ ਕਿ ਚੋਣਾਂ ਤੋਂ ਪਹਿਲਾ ਰੁਕੇ ਵਿਕਾਸ ਕਾਰਜ ਸੁਰੂ ਕਰਵਾ ਦਿੱਤੇ ਜਾਣ ਤਾਂ ਜੋ ਪਿੰਡ ਸੁਲਤਾਨਵਿੰਡ ਦੇ ਲੋਕ ਵੀ ਸੁੱਖ ਦੀ ਜੀਂਦਗੀ ਬਤੀਤ ਕਰ ਸਕਣ।

# ਹਰ ਵਿਅਕਤੀ ਇੱਕ ਰੁੱਖ ਲਗਾ ਕੇ ਉਸਦੀ ਸਾਂਭ ਸੰਭਾਲ ਕਰੇ : ਸੱਤਪਾਲ ਤਾਜਪੁਰ ਪ੍ਰਧਾਨ

**ਕਪੂਰਥਲਾ/ਲੋਕ ਬਾਣੀ**



'ਦਿਨੋ-ਦਿਨ ਵੱਧ ਰਹੇ ਆਵਾਜਾਈ ਦੇ ਸਾਧਨਾਂ ਅਤੇ ਉਦਯੋਗਾਂ ਕਾਰਣ ਵੱਧ ਰਹੇ ਪ੍ਰਦੂਸ਼ਣ ਤੋਂ ਬਚਾਉਣ ਲਈ ਹਰ ਇੱਕ ਵਿਅਕਤੀ ਨੂੰ ਰੁੱਖ ਜਰੂਰ ਲਗਾ ਕੇ ਉਸ ਦੀ ਸਾਂਭ ਸੰਭਾਲ ਜਰੂਰ ਕਰਨੀ ਚਾਹੀਦੀ ਹੈ, ਇਹਨਾ ਵਿਚਾਰਾਂ ਦਾ ਪ੍ਰਗਟਾਵਾ ਅੱਜ ਸੱਤਪਾਲ ਸਿੰਘ ਤਾਜਪੁਰ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕਾਂਦੀਆਂ ਬਲਾਕ ਢਿਲਵਾਂ ਨੇ ਪੱਤਰਕਾਰ ਨਾਲ ਕੀਤਾ। ਉਹਨਾ ਦੱਸਿਆ ਕਿ ਪ੍ਰਦੂਸ਼ਣ ਦੀ ਸਮੱਸਿਆ ਵੱਧਣ ਕਾਰਣ ਮਨੁੱਖ ਅਤੇ ਪਸ਼ੂ ਪੰਛੀ ਵੀ ਇਸ ਤੋਂ ਪ੍ਰਭਾਵਿਤ ਹੋ ਰਹੇ ਹਨ। ਉਹਨਾ ਸਮੂਹ ਸਮਾਜ ਸੇਵੀ ਕਲੱਬਾਂ ਅਤੇ ਸਮਾਜ ਵਿੱਚ ਰਹਿੰਦੇ ਹਰ ਵਰਗ ਨੂੰ ਅਪੀਲ ਕੀਤੀ ਕਿ ਉਹ ਧਰਤੀ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਰੁੱਖ ਵੱਧ ਤੋਂ ਵੱਧ ਲਵਾ ਕੇ ਉਹਨਾ ਦਾ ਪਾਲਣ ਪੋਸ਼ਣ ਜਰੂਰ ਕਰਨ।

# ਸਹੀਦ ਜਵਾਨਾਂ ਨੂੰ ਆਰਮੀ ਦੇ ਉੱਚ ਅਫਸਰ 5 ਨੂੰ ਕਰਨਗੇ ਸ਼ਰਧਾ ਦੇ ਫੁੱਲ ਭੇਟ

**ਅਟਾਰੀ/ਲੋਕ ਬਾਣੀ :** ਸਾਲ 2002 'ਚ ਕਾਰਗਿਲ ਯੁੱਧ ਦੌਰਾਨ ਭਾਰਤ ਪਾਕਿਸਤਾਨ ਦੋਵਾਂ ਗੁਆਂਢੀ ਦੇਸਾਂ 'ਚ ਜੰਗ ਲੱਗਣ ਦੇ ਆਸਾਰ ਵੱਧ ਗਏ ਸਨ . ਜਮੀਨ 'ਚ ਬਾਰੂਦੀ ਸੁਰੰਗ ਵਿਛਾਉਂਦੇ ਸਮੇਂ ਮਾਇਨ ਬਲਾਸਟ ਹੋ ਗਿਆ, ਜਿਸ ਕਾਰਨ 19 ਜਵਾਨ ਸਹੀਦ ਹੋ ਗਏ ਸਨ, ਜਿਨ੍ਹਾਂ 'ਚ 113 ਰੈਜੀਮੈਂਟ ਦੇ 10, ਡੋਗਰਾ ਰੈਜੀਮੈਂਟ ਦੇ 6 ਅਤੇ 3 ਸਿਵਲ ਨੌਜਵਾਨ ਸਨ . ਉਨ੍ਹਾਂ ਦੀ ਯਾਦ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 5 ਜਨਵਰੀ ਨੂੰ ਅਖੰਡ ਪਾਠ ਦੇ ਭੋਗ ਪਾਏ ਜਾਣਗੇ . ਅਰਦਾਸ ਹੋਣ ਉਪਰੰਤ ਸਰਧਾਂਜਲੀ ਸਮਾਰੋਹ ਵਿਚ ਆਰਮੀ ਦੇ ਉਚ ਅਫਸਰ ਵਿਸੇਸ ਤੌਰ ਤੇ ਪਹੁੰਚ ਕੇ ਸਰਧਾ ਦੇ ਫੁੱਲ ਭੇਂਟ ਕਰਨਗੇ . ਇਹ ਜਾਣਕਾਰੀ ਆਰਮੀ ਦੇ ਸੂਬੇਦਾਰ ਲਾਭ ਸਿੰਘ ਨੇ ਮੁਹਾਵਾ ਵਿਖੇ ਦਿੱਤੀ ।

# ਦਰਬਾਰ ਸਾਹਿਬ ਦੀ ਬੇਅਦਬੀ ਬਰਦਾਸ਼ਤ ਤੋਂ ਬਾਹਰ: ਸੁਖਬੀਰ ਸਿੰਘ ਬਾਦਲ

**ਮੰਜੀ ਸਾਹਿਬ ਦੀਵਾਨ ਹਾਲ/ਲੋਕ ਬਾਣੀ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਅੱਜ ਮੰਜੀ ਸਾਹਿਬ ਦੀਵਾਨ ਹਾਲ 'ਚ ਪੰਥਕ ਇਕੱਠ ਨੂੰ ਸੰਬੋਧਿਤ ਕਰਦਿਆਂ ਕਾਂਗਰਸ ਸਰਕਾਰ 'ਤੇ ਨਿਸ਼ਾਨਾ ਸਾਧਿਆ ਗਿਆ। ਕਾਂਗਰਸ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਨੇ ਕਿਹਾ ਕਿ ਬੇਅਦਬੀ ਦੇ ਮੁੱਦੇ 'ਤੇ ਕਾਂਗਰਸ ਸਿਆਸਤ ਕਰ ਰਹੀ ਹੈ ਅਤੇ ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਸਰਕਾਰ ਗੰਭੀਰ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਦਰਬਾਰ ਸਾਹਿਬ ਦੀ ਬੇਅਦਬੀ ਬਰਦਾਸ਼ਤ ਤੋਂ ਬਾਹਰ ਹੈ। ਸਬੂਤ ਜਟਾਉਣ 'ਚ ਨਾਕਾਮ ਹੋਈ ਹੈ ਪੁਲਿਸ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ 2 ਦਿਨ ਦੀ ਜਾਂਚ ਦੀ ਗੱਲ ਕਹਿ ਕੇ ਸਰਕਾਰ ਭੁੱਲ ਗਈ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜ ਸਾਲ ਕੋਈ ਕਾਰਵਾਈ ਨਹੀਂ ਕੀਤੀ ਹੁਣ ਕਾਂਗਰਸ ਸਰਕਾਰ ਬਿਆਨਬਾਜ਼ੀ ਕਰ ਰਹੀ ਹੈ।



# ਸੰਯੁਕਤ ਸੰਘਰਸ ਪਾਰਟੀ ਦੀ ਭੁਲੱਥ 'ਚ ਹੋਈ ਮੀਟਿੰਗ

**ਭੁਲੱਥ/ਲੋਕ ਬਾਣੀ**

ਪੰਜਾਬ ਵਿਧਾਨ ਸਭਾ 2022 ਦੀ ਚੋਣਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਵੱਲੋਂ ਜੋਰਾਂ-ਸੋਰਾਂ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜਿੱਥੇ ਰਵਾਇਤੀ ਪਾਰਟੀਆਂ ਆਪਣੀ ਸਰਗਰਮੀਆਂ ਦਿਖਾ ਰਹੀਆਂ ਹਨ, ਉੱਥੇ ਹੁਣ ਕਿਸਾਨ ਜੱਥੇਬੰਦੀਆਂ ਵੀ ਚੋਣ ਮੈਦਾਨ ਵਿੱਚ ਉਤਰ ਆਈਆਂ ਹਨ। ਜਿਸਦੇ ਚਲਦੇ ਗੁਰਨਾਮ ਸਿੰਘ ਚੜੂਨੀ ਵੱਲੋਂ ਸੰਯੁਕਤ ਸੰਘਰਸ ਪਾਰਟੀ ਦਾ ਐਲਾਨ ਕੀਤਾ ਗਿਆ ਸੀ। ਪਿਛਲੇ ਦਿਨੀਂ ਭੁਲੱਥ ਤੋ ਨੋਜਵਾਨ ਗੁਰਵਿੰਦਰ ਸਿੰਘ ਬਾਜਵਾ ਚੜੂਨੀ ਪਾਰਟੀ ਚ' ਸਾਮਲ ਹੋਏ ਸਨ ਤੇ ਅੱਜ ਬਾਜਵਾ ਦੀ ਅਗਵਾਈ ਹੇਠ ਭੁਲੱਥ ਵਿਖੇ ਇਕ ਅਹਿਮ ਮੀਟਿੰਗ ਰੱਖੀ ਗਈ। ਮੀਟਿੰਗ ਵਿੱਚ ਪਾਰਟੀ ਮੁੱਖੀ ਸਰਪ੍ਰਸਤ ਗੁਰਨਾਮ ਸਿੰਘ ਚੜੂਨੀ, ਸੂਬਾ ਪ੍ਰਧਾਨ ਰਸਪਾਲ ਸਿੰਘ ਜੋੜਾਮਾਜਰਾ, ਸੂਬਾ ਬੁਲਾਰਾ ਵਕੀਲ ਮਨਪ੍ਰੀਤ ਸਿੰਘ ਨੇ ਵਿਸੇਸ ਤੋਰ ਤੇ ਸਰਿਕਤ ਕੀਤੀ। ਇੱਥੇ ਸੰਬੋਧਨ ਕਰਦੇ ਚੜੂਨੀ ਨੇ ਕਿਹਾ ਕਿ ਮੈ ਪੰਜਾਬ ਵਿੱਚ ਚੋਣ ਨਹੀ ਲੜਾਂਗਾ ਪਰ ਆਮ ਕਿਸਾਨਾ ਮਜਦੂਰਾਂ ਨੂੰ ਚੋਣ ਲੜਾਂਵਾਗੇ। ਚੜੂਨੀ ਨੇ ਕਿਹਾ ਪੰਜਾਬ ਦੇ ਹਲਾਤਾਂ ਦਾ ਰਵਾਇਤੀ ਪਾਰਟੀਆਂ ਜੁੰਮੇਵਾਰ ਹਨ ਤੇ ਇਹਨਾਂ ਜਿੱਤ ਕਿਸਾਨਾਂ ਦੀ ਵੋਟ ਕਰਕੇ ਹੁੰਦੀ ਤੇ ਕਿਸਾਨਾਂ ਦੇ ਭਲੇ ਲਈ ਕਦਮ ਨਹੀ ਚੁੱਕੇ ਜਾਂਦੇ। ਬਾਜਵਾ ਨੇ ਕਿਹਾ ਕਿ ਅਸੀ ਪੂਰਨ ਤੋਰ ਤੇ ਸਹਿਯੋਗ ਕਰਾਂਗਾ ਤੇ ਪਾਰਟੀ ਜੋ ਹੁਕਮ ਲਾਵੇਗੀ, ਇੰਨ-ਬਿਨ ਪਾਲਣਾ ਕਰਾਂਗੇ। ਇਸ ਮੋਕੇ ਭੁਲੱਥ ਦੇ ਕਈ ਹਸਤੀਆਂ ਸਾਮਿਲ ਹੋਈਆਂ ਤੇ ਭਰੋਸਾ ਦਿਤਾ ਤੇ ਕਿ ਤੁਹਾਡੇ ਹੱਕ ਵਿੱਚ ਭੁਗਤਾਗੇ। ਇਸ ਮੋਕੇ ਸੂਬਾ ਕਮੇਟੀ ਤੋ ਇਲਾਵਾ ਬਾਬਾ ਬਲਵਿੰਦਰ ਸਿੰਘ, ਕਿਸਨ ਬਾਵਾ, ਬਿੱਟੂ, ਪਰਦੁਮਨ ਸਿੰਘ, ਪ੍ਰਤਾਪ ਸਿੰਘ, ਤਰਲੋਚਨ ਸਿੰਘ, ਅਮਰਜੀਤ ਸਿੰਘ, ਕਰਮਜੀਤ ਸਿੰਘ, ਭਜਨ ਸਿੰਘ, ਹਰਭਜਨ ਸਿੰਘ, ਜਗਪ੍ਰੀਤ ਸਿੰਘ, ਸੁਰਿੰਦਰ ਸਿੰਘ, ਜਿੰਦਰ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਬੋਹੜ ਸਿੰਘ, ਸਤਵੀਰ ਸਿੰਘ, ਚਮਕੋਰ ਸਿੰਘ, ਗਗਨਦੀਪ ਸਿੰਘ, ਗੋਰਵ ਕੱਕੜ, ਗੁਰਦੇਵ ਸਿੰਘ, ਇੰਦਰਜੀਤ ਸਿੰਘ ਤੇ ਹੋਰ ਲੋਕ ਮੀਟਿੰਗ ਵਿੱਚ ਹਾਜਰ ਸਨ।

# ਬੀਬੀ ਕਿਰਪਾਲ ਕੌਰ ਯਾਦਗਾਰੀ ਟਰੱਸਟ ਦੇ ਮੈਂਬਰਾਂ ਵੱਲੋਂ ਨਵਾਂ ਸਾਲ ਬੂਟੇ ਲਗਾ ਕੇ ਮਨਾਇਆ

**ਚੰਡੀਗੜ੍ਹ/ਪ੍ਰੀਤਮ ਲੁਧਿਆਣਵੀ**

ਬੀਬੀ ਕਿਰਪਾਲ ਕੌਰ ਯਾਦਗਾਰੀ ਸਾਹਿਤਕ ਟਰੱਸਟ ਰੂਪਨਗਰ ਦੇ ਮੈਂਬਰਾਂ ਵੱਲੋਂ ਨਵਾਂ ਸਾਲ ਪਿੰਡ ਬਕਾਪੁਰ (ਬਲਾਚੌਰ) ਅਤੇ ਕਲਗੀਧਰ ਕੰਨਿਆ ਪਾਠਸ਼ਾਲਾ ਰੂਪਨਗਰ ਵਿਖੇ ਬੂਟੇ ਲਗਾ ਕੇ ਮਨਾਇਆ ਗਿਆ। ਟਰੱਸਟ ਦੇ ਪ੍ਰਧਾਨ ਯਤਿੰਦਰ ਕੌਰ ਮਾਹਲ ਨੇ ਬੀੜ ਸੋਸਾਇਟੀ ਵੱਲੋਂ ਜਨਤਾ ਨੂੰ ਬੇਨਤੀ ਕਰਦਿਆਂ ਕਿਹਾ ਕਿ ਵਾਤਾਵਰਨ ਦੀ ਸੰਭਾਲ ਲਈ ਹਰ ਮਨੁੱਖ ਘੱਟੋ-ਘੱਟ ਇਕ ਰੁੱਖ ਲਗਾਵੇ ਅਤੇ ਉਸਦੀ ਦੇਖ ਭਾਲ ਵੀ ਯਕੀਨੀ ਬਣਾਵੇ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ ਅਤੇ ਰੋਗ ਮੁਕਤ ਸਵੱਛ ਵਾਤਾਵਰਨ ਸਿਰਜਿਆ ਜਾਵੇ।



# ਅੱਜ ਤੋਂ 15-18 ਸਾਲ ਤੱਕ ਦੇ ਬੱਚਿਆਂ ਦੇ ਟੀਕਾਕਰਣ ਦਾ ਆਗਾਜ਼ : ਡਾ. ਐਸ.ਪੀ. ਸਿੰਘ

**ਲੁਧਿਆਣਾ/ਕਰਨ ਅਗਰਵਾਲ**

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਲੁਧਿਆਣਾ ਡਾ.ਐਸ.ਪੀ.ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਮਵਾਰ 03 ਜਨਵਰੀ, 2022 ਤੋਂ 15-18 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਣ ਸ਼ੁਰੂ ਕਰਨ ਜਾ ਰਹੇ ਹਾਂ।ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਅਤੇ ਸਿਵਲ ਸਰਜਨ ਲੁਧਿਆਣਾ ਡਾ.ਐਸ.ਪੀ.ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਕੋਰੋਨਾ ਮਹਾਂਮਾਰੀ ਤੋਂ ਬਚਾਅ ਸਬੰਧੀ ਟੀਕਾਕਰਣ ਨਿਰੰਤਰ ਜਾਰੀ ਹੈ ਅਤੇ ਲੁਧਿਆਣਵੀਆਂ ਦੇ ਸਹਿਯੋਗ ਸਦਕਾ ਪਹਿਲੀ ਡੋਜ ਦੀ ਪੂਰੀ ਪ੍ਰਾਪਤੀ ਕਰ ਲਈ ਗਈ ਹੈ।ਉਨ੍ਹਾ ਅੱਗੇ ਦੱਸਿਆ ਕਿ ਸੰਪੂਰਣ ਟੀਕਾਕਰਣ ਲਈ ਦੂਜੀ ਡੋਜ ਲਗਵਾਉਣੀ ਪੂਰੀ ਤਰ੍ਹਾਂ ਲਾਜ਼ਮੀ ਹੈ ਇਸ ਲਈ ਜਿਹੜੇ ਵਿਅਕਤੀਆਂ ਨੇ ਹਾਲੇ ਤੱਕ ਆਪਣੀ ਦੂਸਰੀ ਡੋਜ ਨਹੀਂ ਲਗਵਾਈ ਉਹ ਜਲਦ ਆਪਣੀ ਦੂਜੀ ਡੋਜ ਲਗਵਾ ਲੈਣ ਤਾਂ ਜੋ ਅਸੀ ਕੋਰੋਨਾ ਬਿਮਾਰੀ ਤੋਂ ਆਪਣਾ ਤੇ ਆਪਣਿਆਂ ਦਾ ਬਚਾ ਕਰ ਸਕੀਏ।

ਡਾ. ਐਸ.ਪੀ. ਸਿੰਘ ਨੇ ਸਾਰੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਿਨ੍ਹਾਂ ਕਿਸੇ ਡਰ ਦੇ 15-18 ਸਾਲ ਤੱਕ ਦੇ ਬੱਚਿਆਂ ਦੇ ਟੀਕੇ ਜ਼ਰੂਰ ਲਗਵਾਉਣ ਅਤੇ ਬੱਚਿਆਂ ਨੂੰ ਵੀ ਟੀਕੇ ਲਗਵਾਉਣ ਲਈ ਪ੍ਰੇਰਿਤ ਕਰਨ।ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਦੌਰ ਵਿੱਚ ਇਹ ਟੀਕਾਕਰਣ ਸਿਵਲ ਹਸਪਤਾਲ ਲੁਧਿਆਣਾ, ਡਾ. ਅੰਬੇਦਕਰ ਭਵਨ ਸਲੇਮ ਟਾਬਰੀ, ਅਰਬਨ ਕਮਿਊਨਿਟੀ ਹੈਲਥ ਸੈਂਟਰ (ਯੂ.ਸੀ.ਐਚ.ਸੀ.), ਜਵੱਦੀ, ਯੂ.ਸੀ.ਐਚ.ਸੀ. ਸੁਭਾਸ਼ ਨਗਰ, ਯੂ.ਸੀ.ਐਚ.ਸੀ. ਸਿਵਲ ਸਰਜਨ ਦਫ਼ਤਰ ਲੁਧਿਆਣਾ, ਯੂ.ਸੀ.ਐਚ.ਸੀ. ਸ਼ਿਮਲਾਪੁਰੀ, ਜੱਚਾ-ਬੱਚਾ ਹਸਪਤਾਲ, ਚੰਡੀਗੜ੍ਹ ਰੋਡ ਵਰਧਮਾਨ, ਯੂ.ਸੀ.ਐਚ.ਸੀ. ਗਿਆਸਪੁਰਾ, ਸਬ ਡਵੀਜ਼ਨਲ ਹੈਲਥ ਸੈਂਟਰ (ਐਸ.ਡੀ.ਐਚ.), ਰਾਏਕੋਟ, ਸਮਰਾਲਾ, ਖੰਨਾ, ਜਗਰਾਓਂ ਅਤੇ ਸੀ.ਐਚ.ਸੀ. ਸੁਧਾਰ ਵਿਖੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕੋਵੈਕਸੀਨ ਦਾ ਇਹ ਟੀਕਾ ਪੂਰੀ ਤਰ੍ਹਾਂ ਸੁਰੱਖਿਅਤ ਹੈ ਅਤੇ ਬੱਚੇ ਉਪਰੋਕਤ ਥਾਵਾਂ 'ਤੇ ਪੂਰਾ ਹਫ਼ਤਾ (ਐਤਵਾਰ ਤੋਂ ਬਿਨ੍ਹਾਂ) ਆਪਣਾ ਆਧਾਰ ਕਾਰਡ ਜਾਂ ਸਕੂਲ ਦਾ ਸਨਾਖ਼ਤੀ ਕਾਰਡ ਦਿਖਾ ਕੇ ਆਪਣਾ ਟੀਕਾਕਰਣ ਕਰਵਾ ਸਕਦੇ ਹਨ ਜ਼ਿਲ੍ਹਾ ਟੀਕਾਕਰਣ ਅਫ਼ਸਰ ਡਾ.ਮੁਨੀਸ਼ਾ ਖੰਨਾ ਨੇ ਦੱਸਿਆ ਕਿ ਸੋਮਵਾਰ ਨੂੰ ਇਸ ਦੀ ਰਸਮੀ ਸੁਰੂਆਤ ਸਥਾਨਕ ਯੂ.ਸੀ.ਐਚ.ਸੀ. ਜਵੱਦੀ ਵਿਖੇ ਕੀਤੀ ਜਾਵੇਗੀ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111